# ਦੂਜਾ – ਤੀਜਾ – ਚੌਥਾ

# ਨਾਨਕ

**ਗੁਰੂ ਅੰਗਦ – ਗੁਰ ਅਮਰਦਾਸ – ਗੁਰੂ ਰਾਮਦਾਸ**

**ਅਕਤੂਬਰ ੨੧, ੨੦੨੧**

## ਸ੍ਰੀ ਹੇਮਕੁੰਟ ਫ਼ਾਊਂਡੇਸ਼ਨ ਇੰਕ ਦੇ
## ਸ਼ਰਧਾਲੂ ਸੇਵਾਦਾਰਾਂ ਵਲੋਂ

ਚਿੱਤਰਕਾਰ: ਇਸ਼ਪਾਲ ਕੌਰ ਢਿਲੋਂ
www.ishpalkaur.com

## ਤਤਕਰਾ


| # | ਸਿਰਲੇਖ | ਪੰਨਾ |
|---|---|---|
| | ਭੂਮਿਕਾ | ੪ |
| **ਦੂਜੇ ਨਾਨਕ** (ਗੁਰੂ ਅੰਗਦ ਜੀ) | | |
| ੧ | ਦੂਜੇ ਨਾਨਕ ਦਾ ਮੁੱਢਲਾ ਜੀਵਨ | ੭ |
| ੨ | ਗੁਰੂ ਨਾਨਕ ਜੀ ਪ੍ਰਤੀ ਮੁਗਧ ਹੋਣਾ | ੮ |
| ੩ | ਗੁਰੂ ਨਾਨਕ ਜੀ ਨੇ ਕਾਇਆ ਪਲਟ ਦਿੱਤੀ | ੧੨ |
| ੪ | ਭਾਈ ਲਹਿਣਾ ਦੀ ਦੂਜੇ ਨਾਨਕ ਵਜੋਂ ਚੋਣ | ੧੬ |
| ੫ | ਸਿੱਖ ਬਹਾਦਰ ਅਤੇ ਨਿਰਭੈ ਹੁੰਦਾ ਹੈ | ੧੮ |
| ੬ | ਗੋਇੰਦਵਾਲ ਦੀ ਸਥਾਪਨਾ | ੨੦ |
| ੭ | ਪ੍ਰਮਾਤਮਾ ਨੂੰ ਕਰਮਕਾਂਡ ਚੰਗੇ ਨਹੀਂ ਲਗਦੇ | ੨੧ |
| ੮ | ਸਦਾਚਾਰੀ ਗੁਣਾਂ ਦੀ ਮਹੱਤਤਾ | ੨੩ |
| ੯ | ਪ੍ਰਮਾਤਮਾ ਦੀ ਰਜ਼ਾ ਵਿਚ ਰਾਜ਼ੀ ਰਹੋ | ੨੫ |
| ੧੦ | ਦੂਜੇ ਨਾਨਕ ਦੇ ਮਹੱਤਵ-ਪੂਰਣ ਯੋਗਦਾਨ | ੨੭ |
| ੧੧ | ਗੁਰੂ ਨਾਨਕ ਜੀ ਨੇ ਦੂਜੇ ਨਾਨਕ ਨੂੰ ਅਪਨੀ ਪੋਥੀ ਦਿਤੀ ਦਾ ਪਰਮਾਣ | ੩੧ |
| ੧੨ | ਗੁਰੂ ਨਾਨਕ ਜੀ ਅਤੇ ਦੂਜੇ ਨਾਨਕ ਦੀਆਂ ਬਾਣੀਆਂ ਵਿਚ ਸਮਾਨਤਾਵਾਂ | ੩੩ |
| ੧੩ | ਦੂਜੇ ਨਾਨਕ ਦੀਆਂ ਵਿਸੇਸ਼ਤਾਈਆਂ | ੩੫ |
| **ਤੀਜੇ ਨਾਨਕ** (ਗੁਰੂ ਅਮਰਦਾਸ ਜੀ ) | | |
| ੧੪ | ਤੀਜੇ ਨਾਨਕ ਦਾ ਮੁੱਢਲਾ ਜੀਵਨ | ੩੭ |
| ੧੫ | ਸਿੱਖ ਬਣਨਾ | ੩੯ |
| ੧੬ | ਨਿਰਸੁਆਰਥ ਸੇਵਾ ਤੋਂ ਗੁਰਆਈ ਤੱਕ | ੪੨ |
| ੧੭ | ਬਾਦਸ਼ਾਹ ਅਕਬਰ ਕੋਲ ਬ੍ਰਾਹਮਣਾਂ ਦੀ ਸ਼ਿਕਾਇਤ | ੪੪ |
| ੧੮ | ਪਹਿਲੇ ਪੰਗਤ, ਫਿਰ ਸੰਗਤ | ੪੬ |
| ੧੯ | ਤੀਰਥ ਯਾਤਰਾ ਦਾ ਕੋਈ ਲਾਭ ਨਹੀਂ | ੪੮ |
| ੨੦ | ਗੁਰੂ-ਕਾ-ਚੱਕ (ਅਮ੍ਰਿਤਸਰ) ਦੀ ਸਥਾਪਨਾ | ੪੯ |
| ੨੧ | ਸ਼ਰਵ-ਉੱਚ ਸਿਖ਼ ਨੂੰ ਗੁਰੂ ਚੁਨਣਾ | ੫੦ |
| ੨੨ | ਮੌਤ ਨੂੰ ਪ੍ਰਮਾਤਮਾ ਦੇ ਸੱਦੇ ਵਜੋਂ ਮੰਨਣਾ (ਸਦੁ) | ੫੨ |
| ੨੩ | ਤੀਜੇ ਨਾਨਕ ਦੇ ਯੋਗਦਾਨ | ੫੩ |
| ੨੪ | ਤੀਜੇ ਨਾਨਕ ਦੀ ਪ੍ਰਬੰਧਕੀ ਪ੍ਰਣਾਲੀ | ੫੫ |
| ੨੫ | ਤੀਜੇ ਨਾਨਕ ਦੀਆ ਵਿਸੇਸਤਾਈਆਂ | ੫੮ |
| ਉਪ-ਅੰਗ ੧ | ਮੌਤ ਵੇਲੇ ਦੀਆਂ ਰਸਮਾਂ ਤੇ ਸੰਸਕਾਰ | ੫੯ |

| **ਚੌਥੇ ਨਾਨਕ** (ਗੁਰੂ ਰਾਮਦਾਸ ਜੀ ) | | |
|---|---|---|
| ੨੬ | ਚੌਥੇ ਨਾਨਕ ਦਾ ਮੁੱਢਲਾ ਜੀਵਨ | ੬੧ |
| ੨੭ | ਸਿੱਖ ਵਿਸ਼ਵਾਸਾਂ ਦੀ ਵਿਆਖਿਆ | ੬੩ |
| ੨੮ | ਅੰਮ੍ਰਿਤਸਰ ਸ਼ਹਿਰ ਦੀ ਸਥਾਪਨਾ ਕਰਨੀ | ੬੫ |
| ੨੯ | ਚੌਥੇ ਨਾਨਕ ਵਜੋਂ ਭਾਈ ਜੇਠਾ ਜੀ ਦੀ ਚੋਣ | ੬੬ |
| ੩੦ | ਅੰਮ੍ਰਿਤਸਰ ਦਾ ਵਿਕਾਸ | ੬੮ |
| ੩੧ | ਪ੍ਰਮਾਤਮਾਂ ਦੇ ਪਿਆਰ ਤੇ ਵਿਸ਼ੇਸ਼ ਜ਼ੋਰ | ੭੦ |
| ੩੨ | ਮਸੰਦ ਪ੍ਰਣਾਲੀ | ੭੨ |
| ੩੩ | ਸਿੱਖ ਆਨੰਦ-ਕਾਰਜ - ਲਾਵਾਂ | ੭੩ |
| ੩੪ | ਅਗਲੇ ਗੁਰੂ ਦੀ ਚੋਣ ਕਰਨਾ | ੭੫ |
| ੩੫ | *ਜੋਤੀ ਜੋਤ ਸਮਾਉਣਾ* | ੭੭ |
| ੩੬ | ਚੌਥੇ ਨਾਨਕ ਜੀ ਦੀਆਂ ਵਿਸ਼ੇਸਤਾਈਆਂ | ੭੮ |
| ੩੭ | ਸੰਸਾਰ ਦੀਆਂ ਵਿਸ਼ੇਸ਼ ਘਟਨਾਵਾਂ | ੭੯ |
| | ਹਵਾਲੇ | ੮੧ |
| | ਹੇਮਕੁੰਟ ਫ਼ਾਉਂਡੇਸ਼ਨ ਦੀਆਂ ਪੁਸਤਕਾਂ | ੮੨ |

# ਭੂਮਿਕਾ

ਹੇਮਕੁੰਟ ਫ਼ਾਊਂਡੇਸ਼ਨ ਦੀ ਸਥਾਪਨਾ ਨਿਊ ਯਾਰਕ, ਅਮਰੀਕਾ ਵਿਚ (੧੯੮੦ ਵਿਚ) ਚਾਰ ਦਹਾਕੇ ਪਹਿਲਾਂ ਕੀਤੀ ਗਈ। ਇਸ ਫ਼ਾਊਂਡੇਸਨ ਦੇ ਪਰਮੁੱਖ ਉਦੇਸ਼ ਪੱਛਮੀ ਧਰਤੀ ਤੇ ੬-੨੫ ਸਾਲਾਂ ਦੀ ਆਯੂ ਦੇ ਬੱਚੇ ਅਤੇ ਨੌ-ਜੁਆਨਾਂ ਨੂੰ ਸਿੱਖੀ ਦੀ ਸਿਖਿਆ ਪ੍ਰਾਪਤ ਕਰਨ ਵਿਚ ਸਹਾਇਤਾ ਕਰਨਾ, ਆਮ ਲੋਕਾ ਵਿਚ ਬੋਲਣ ਦਾ ਗੁਣ ਸਿਖਾਣਾ ਅਤੇ ਸਿੱਖ ਹੋਣ ਵਜੋਂ ਗੌਰਵ ਅਨੁਭਵ ਕਰਨਾ ਹੈ।

ਇਹ ਸਭ ਕੁਝ ਅਸੀਂ ਗੁਰੂਆਂ ਦੀਆਂ ਜੀਵਨੀ-ਅਧਾਰਤ ਸਿਖਿਅਕ ਪੁਸਤਕਾ ਰਾਹੀਂ, ਸਿੱਖ ਇਤਿਹਾਸ ਰਾਹੀਂ ਅਤੇ ਸਿੱਖ ਫ਼ਿਲਾਸਫ਼ੀ ਰਾਹੀਂ ਕਰਦੇ ਹਾਂ। ਨੌ-ਜੁਆਨਾਂ ਨੂੰ ਸਿੱਖੀ ਬਾਰੇ ਜਾਨਕਾਰੀ ਨੂੰ ਦੂਸਰਿਆਂ ਵਿੱਚ ਪ੍ਰਗਟਾਵਾ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ ਅਤੇ ਇਕ ਦੂਜੇ ਨਾਲ ਗੱਲ ਬਾਤ ਕਰਦਿਆਂ ਸਿੱਖੀ ਬਾਰੇ ਸੁਚੱਜੇ ਤਰੀਕੇ ਨਾਲ ਦਸ ਸਕਨ।

ਫ਼ਾਊਂਡੇਸ਼ਨ ਵਲੋਂ ਪ੍ਰਯੋਜਿਤ ਕੀਤੇ ਇਸ ਸਬੰਧ ਵਿਚ ਪ੍ਰਮੁੱਖ ਅਦਾਇਗੀ ਲਈ ਇਕ ਸਾਲਾਨਾ ਗੋਸ਼ਟੀ-ਸੰਮੇਲਨ ਹੁੰਦਾ ਹੈ। ੬-੮ ਸਾਲ, ੯-੧੧ ਸਾਲ, ੧੨- ੧੪ ਸਾਲ, ੧੫-੧੭ ਸਾਲ ਅਤੇ ੧੮-੨੫ ਸਾਲਾਂ ਦੇ ਪ੍ਰਤੀਯੋਗੀ ਇਸ ਪ੍ਰਤੀਯੋਗਤਾ ਵਿਚ ਹਿੱਸਾ ਲੈਂਦੇ ਹਨ। ਹਰੇਕ ਗਰੁੱਪ ਲਈ ਇਕ ਆਯੂ-ਉਚਿੱਤ ਪੁਸਤਕ ਨਿਰਧਾਰਤ ਕੀਤੀ ਜਾਂਦੀ ਹੈ। ਇਹ ਗੋਸ਼ਟੀ-ਸੰਮੇਲਨ ਪ੍ਰਤੀਯੋਗੀਆ ਨੂੰ ਵੱਖ ਵੱਖ ਵਿਸ਼ਿਆਂ ਦੇ ਅਲੋਚਨਾਤਮਿਕ ਨਿਰੀਖਣ ਕਰਨ ਲਈ ਉਤਸ਼ਾਹਤ ਕਰਦਾ ਹੈ ਅਤੇ ਮੰਚ ਤੋਂ ਨਿਸ਼ਚਿਤ ਸਮੇਂ ਵਿਚ ਕੁਝ ਸਵਾਲਾਂ ਦੇ ਜੁਆਬ ਦੇਣੇ ਹੁੰਦੇ ਹਨ। ਭਾਸ਼ਨ-ਕਲਾ ਅਤੇ ਵਿਸ਼ਾ-ਵਸਤੂ ਅਨੁਸਾਰ ਪ੍ਰਤੀਯੋਗੀਆ ਦਾ ਵਰਗੀਕਰਣ ਕੀਤਾ ਜਾਂਦਾ ਹੈ।

ਹਰ ਸਾਲ, ਇਕ ਤਿੰਨ-ਪੱਧਰੀ ਮੁਕਾਬਲਾ ਕਰਵਾਇਆ ਜਾਂਦਾ ਹੈ। ਪਹਿਲੇ ਪੱਧਰ ਤੇ, ਅਮਰੀਕਾ ਇੰਗਲੈਂਡ ਅਤੇ ਕੀਨੀਆ ਤੋਂ ਕੋਈ ੨੫੦੦ ਬੱਚੇ ਅਤੇ ਨੌ-ਜੁਆਨ ਸਥਾਨਕ ਮੁਕਾਬਲੇ ਵਿਚ ਹਿੱਸਾ ਲੈਂਦੇ ਹਨ। ਦੂਜੇ ਪੱਧਰ ਤੇ ਲਗ ਬਗ ੪੦੦ ਪ੍ਰਤੀਯੋਗੀ ਮੁਕਾਬਲੇ ਵਿਚ ਹਿੱਸਾ ਲੈਂਦੇ ਹਨ। ਸਥਾਨਕ ਮੁਕਾਬਲੇ ਵਿਚ ਇਹਨਾ ਵਿਚੋਂ ਪਹਿਲਾ ਅਤੇ ਦੂਜਾ ਪੱਧਰ ਦੇ ਸਥਿਤੀ-ਧਾਰਕ ਬਣਦੇ ਹਨ। ਤੀਜੇ ਪੱਧਰ ਤੇ, ਲਗ ਭਗ ੧੨੫ ਪ੍ਰਤੀਯੋਗੀ ਮੁਕਾਬਲਾ ਕਰਦੇ ਹਨ। ਇਹਨਾ ਵਿਚੋਂ ਦੂਜੇ ਦਰਜੇ ਦੇ ਪਹਿਲੇ ਸਥਿਤੀ-ਧਾਰਕ ਬਣਦੇ ਹਨ। ਇਹੀ ਅੰਤਮ ਅਤੇ ਅੰਤਰ-ਰਾਸ਼ਟਰੀ ਪੱਧਰ ਹੈ।

ਬੀਤੇ ਸਾਲਾਂ ਵਿਚ, ਫ਼ਾਊਂਡੇਸ਼ਨ ਨੇ ਭਾਰਤ ਅਤੇ ਯੂਕੇ ਆਦਿਕ ਵਿਚ ਛਪੀਆਂ ਪੁਸਤਕਾ ਦੀ ਵਰਤੋਂ ਕੀਤੀ। ਫ਼ਾਊਂਡੇਸ਼ਨ ਨੇ ਹਰ ਸਾਲ ਹੀ ਮਾਪਿਆਂ, ਪ੍ਰਤੀਯੋਗੀਆ ਅਤੇ ਜੱਜਾਂ ਨੇ ਉਚਿੱਤ ਆਲੋਚਨਾ ਕੀਤੀ ਕਿ ਮੁਕਾਬਲੇ ਲਈ ਨਿਰਧਾਰਤ ਕੀਤੀਆਂ ਕੁਝ ਪੁਸਤਕਾਂ ਤਸੱਲੀ-ਬਖ਼ਸ਼ ਨਹੀਂ ਹਨ। ਅੰਗ੍ਰੇਜ਼ੀ ਦੀ ਸ਼ਬਦਾਵਲੀ, ਵਾਕ-ਬਣਤਰ ਅਤੇ ਪਰਸੰਗ ਕੁਝ ਪੱਛਮੀ ਸਰੋਤਿਆਂ ਲਈ ਢੁਕਵੇਂ ਨਹੀਂ ਹਨ। ਬਹੁਤੀਆਂ ਗਾਥਾ ਅਤੇ ਸਾਖੀਆਂ ਕਿਸੇ ਦਲੀਲ ਜਾਂ ਸਧਾਰਨ ਧਾਰਣਾ ਨੂੰ ਵਿਸ਼ੇਸ਼ਤਾ ਦੇਣ ਦੇ ਬਦਲੇ ਅਣ-ਉਚਿਤ "ਚਮਤਕਾਰੀ"ਰੂਪ ਵਿਚ ਦਸੀਆਂ ਗਈਆਂ ਹਨ।

ਇਸ ਸਥਿਤੀ ਨੂੰ ਸੁਧਾਰਨ ਲਈ, ਫ਼ਾਊਂਡੇਸ਼ਨ ਨੇ ਕੁਝ ਸਾਲ ਪਹਿਲਾਂ ਫ਼ੈਸਲਾ ਕੀਤਾ ਕਿ ਕਿਤਾਬਾਂ ਦੇ ਲਿਖਣ ਲਈ ਖੁਦ ਉਪਰਾਲਾ ਕੀਤਾ ਜਾਵੇ ਤਾਕਿ ਗੋਸ਼ਟੀ ਸੰਮੇਲਨ ਅਤੇ ਸਾਲਾਨਾ ਮੁਕਾਬਲਿਆਂ ਲਈ ਉਚਿਤ ਕਿਤਾਬਾਂ ਦੀ ਉਪਲੱਬਦੀ ਅਤੇ ਵਰਤੋਂ ਕੀਤੀ ਜਾ ਸਕੇ। ਫ਼ਾਊਂਡੇਸ਼ਨ ਦੇ ਸ਼ਰਧਾਵਾਨ ਸੇਵਾਦਾਰਾਂ ਨੇ ਇਸ ਸੇਵਾ ਦੀ ਜਿਮੇਵਾਰੀ ਲਈ।

ਹਥਲੀ ਪੁਸਤਕ ੬-੮ ਸਾਲਾ ਦੇ ਗਰੁੱਪ ਲਈ ਬਣਾਈ ਗਈ ਹੈ। ਕੋਸ਼ਸ਼ ਕੀਤੀ ਗਈ ਹੈ ਕਿ ਗੁਰੂ ਜੀ ਦੀਆਂ ਸਿਖਿਆਵਾਂ ਨੂੰ ਦਲੀਲ ਪੂਰਵਕ ਢੰਗ ਨਾਲ ਪੇਸ ਕੀਤਾ ਜਾਏ। ਇਸ ਪੁਸਤਕ ਵਿਚ ਸਧਾਰਨ

ਅਤੇ ਆਸਾਨ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ ਤਾਂਕਿ ਗਲ ਆਸਾਨੀ ਨਾਲ ਸਮਝ ਆ ਸਕੇ। ਉਹਨਾਂ ਘਟਨਾਵਾਂ ਅਤੇ ਸਥਾਨਾ ਦੇ ਹਵਾਲਿਆਂ ਦੀ ਵਰਤੋਂ ਤੋਂ ਪਰਹੇਜ਼ ਕੀਤਾ ਗਿਆ ਹੈ ਜਿਹਨਾਂ ਤੋਂ ਪੱਛਮੀ ਦੇਸ਼ਾਂ ਦੇ ਸਕੂਲ ਜਾਂਦੇ ਬੱਚੇ ਸਧਾਰਨ ਤੌਰ ਤੇ ਜਾਣੂ ਨ ਹੋਣ। ਅਧਿਆਪਕ ਅਤੇ ਮਾਪਿਆਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਵਿਦਿਆਰਥੀਆਂ ਨੂੰ ਸਾਰੀ ਸਮੱਗਰੀ ਸਮਝਣ ਵਿਚ ਪੂਰੀ ਤਰ੍ਹਾਂ ਸਹਾਇਕ ਬਣਨ ਤਾਕਿ ਵਿਦਿਆਰਥੀ ਕਿਸੇ ਵੀ ਭਾਵਨਾਵਾਂ ਅਤੇ ਸੰਦੇਸ਼ਾਂ ਨੂੰ ਯਕੀਨਨ ਸਮਝਣ, ਨਾਕਿ ਸਿਰਫ਼ ਇਤਿਹਾਸਕ ਤੱਤਾਂ ਨੂੰ ਹੀ ਯਾਦ ਰਖਣ। 'ਫ਼ਾਉਂਡੇਸ਼ਨ' ਇਸ ਪੁਸਤਕ ਦੀ ਵਰਤੋਂ ਸਾਲਾਨਾ ਗੋਸ਼ਟੀਆਂ (ਬੋਲ ਚਾਲ ਦੇ ਮੁਕਾਬਲਿਆਂ) ਲਈ ਕਰਦੀ ਹੈ। ਅੰਤਰ-ਰਾਸ਼ਟਰੀ ਸਾਲਾਨਾ ਗੋਸ਼ਟੀਆਂ ਲਈ ਸਬੰਧਤ ਜਾਣਕਾਰੀ ਲਈ ਦੇਖੋ: ਾੲਬਸਟਿੲ ਾਾ.ਹੲਮਕੁਨਟ੨ੋ.ਰਗ.

ਇਸ ਪੁਸਤਕ ਦੀਆ ਅੰਗ੍ਰੇਜ਼ੀ ਅਤੇ ਪੰਜਾਬੀ ਦੇ ਦੋਨੋ ਰੁਪਾਂਤਰ ਸਾਡੀ ਵੈੱਬਸਾਈਟ ਤੇ ਹਨ। ਗੁਰਦੁਆਰਿਆਂ ਰਾਹੀਂ ਚਲਾਏ ਜਾ ਰਹੇ 'ਸੰਡੇ ਸਕੂਲ' ਵੀ ਇਸ ਪੁਸਤਕ ਨੂੰ ਮੁਫ਼ਤ ਵਰਤ ਸਕਦੇ ਹਨ। ਇਹਨਾ ਪੁਸਤਕਾਂ ਦੇ ਵਰਤਣ ਲਈ 'ਫ਼ਾਉਂਡੇਸ਼ਨ' ਪਾਸੋਂ ਕੋਈ ਆਗਿਆ ਲੈਣ ਦੀ ਜ਼ਰੂਰਤ ਨਹੀਂ।

ਪੁਸਤਕ ਦੀ ਬੇਹਤਰੀ ਲਈ ਕਿਸੇਤਰ੍ਹਾਂ ਦੇ ਵੀ ਸਲਾਹ-ਮਸ਼ਵਰਾ ਅਤੇ ਟਿਪਣੀਆਂ ਨੂੰ ਸਦਾ ਹੀ 'ਜੀ ਆਇਆਂ" ਕਹਿੰਦੇ ਹਾਂ।

*ਕਰਮਜੀਤ ਸਿੰਘ*
*ਵਾਇਸ ਪ੍ਰੈਸੀਡੈਂਟ*
*੫੧੬-੭੮੨-੩੨੫੭*
*hemkunt@hemkunt2.org*
ਨਿਊ ਯਾਰਕ, ਯੂ. ਐੱਸ. ਏ.

# ਦੂਜੇ ਨਾਨਕ

## ਗੁਰੂ ਅੰਗਦ ਜੀ

# ੧. ਦੂਜੇ ਨਾਨਕ ਦਾ ਮੁੱਢਲਾ ਜੀਵਨ

**੧੫੦੪** *(ਜਨਮ):* ਦੂਸਰੇ ਨਾਨਕ, ਗੁਰੂ ਅੰਗਦ ਜੀ ਦਾ ਜਨਮ ਮਾਰਚ ੩੧, ੧੫੦੪ ਨੂੰ ਮੁਕਤਸਰ, ਪੰਜਾਬ ਵਿਚ ਪਿੰਡ ਮੱਤੇ-ਦੀ-ਸਰਾਂ ਵਿਚ ਹੋਇਆ। ਜਨਮ ਵੇਲੇ ਆਪ ਜੀ ਦਾ ਨਾਮ "ਲਹਿਣਾ" ਸੀ। ਆਪ ਜੀ ਦੇ ਪਿਤਾ ਦਾ ਨਾਮ ਬਾਬਾ ਫੇਰੂ ਜੀ ਅਤੇ ਮਾਤਾ ਜੀ ਦਾ ਸ਼ਾਦੀ ਤੋਂ ਪਹਿਲਾਂ ਦਾ ਨਾਮ ਰਾਮੋ ਸੀ ਪਰ ਸ਼ਾਦੀ ਤੋਂ ਬਾਅਦ ਆਪ ਜੀ ਨੂੰ ਦਇਆ ਕੌਰ ਕਿਹਾ ਜਾਣ ਲਗਿਆ। ਬਾਬਾ ਨਰਾਇਣ ਦਾਸ ਤ੍ਰੇਹਣ ਆਪ ਜੀ ਦੇ ਦਾਦਾ ਜੀ ਸਨ। ਆਪ ਜੀ ਦਾ ਪਿਤਾ-ਪੁਰਖੀ ਘਰ ਮੱਤੇ-ਦੀ-ਸਰਾਂ ਵਿਚ ਹੀ ਸੀ। ਬਾਬਾ ਫੇਰੂ ਜੀ ਪਿੰਡ ਵਿਚ ਇਕ ਕਰਿਆਨੇ ਦੀ ਦੁਕਾਨ ਦੇ ਮਾਲਕ ਸਨ।

**੧੫੨੩** *(ਆਯੂ ੧੯ ਸਾਲ)*: ਭਾਈ ਲਹਿਣਾ ਨੇ ਮਾਤਾ ਖੀਵੀ ਜੀ ਨਾਲ ਸ਼ਾਦੀ ਕੀਤੀ ਅਤੇ ਦੋ ਪੁਤਰ (ਦਾਸੂ ਅਤੇ ਦਾਤੂ) ਅਤੇ ਦੋ ਧੀਆਂ (ਅਮਰੋ ਅਤੇ ਅਨੌਖੀ) ਦਾ ਜਨਮ ਹੋਇਆ। ਬਾਬਰ ਦੇ ਨਾਲ ਆਏ ਮੁਗ਼ਲਾਂ ਅਤੇ ਬਲੋਚ ਧਾੜਵੀਆਂ ਦੇ ਆਉਣ ਕਾਰਨ ਬਾਬਾ ਫੇਰੂ ਦੇ ਪਿੰਡ ਦਾ ਉਜਾੜਾ ਹੋ ਗਿਆ ਅਤੇ ਸਾਰੇ ਪਰਵਾਰ ਨੂੰ ਆਪਣਾ ਪਿਤਾ-ਪੁਰਖੀ ਪਿੰਡ ਮਜਬੂਰੀ ਵਿਚ ਛੱਡਣਾ ਪਿਆ। ਧਾੜਵੀਆਂ ਨੇ ਸਾਰੇ ਪਿੰਡ ਲੁੱਟ ਲਏ ਅਤੇ ਪਿੰਡ ਵਿੱਚ ਰਹਿਣ ਵਾਲਿਆਂ ਦੀ ਸੰਪਤੀ ਤਬਾਹ ਕਰ ਦਿਤੀ। ਇਸਤੋਂ ਬਾਅਦ, ਸਾਰਾ ਪਰਵਾਰ ਬਿਆਸ ਦਰਿਆ ਦੇ ਨੇੜੇ ਤਰਨਤਾਰਨ ਦੇ ਪਿੰਡ ਖਡੂਰ ਵਿਚ ਆਕੇ ਵੱਸ ਗਿਆ, ਜੋ ਅੰਮ੍ਰਿਤਸਰ ਸ਼ਹਿਰ ਤੋਂ ੧੫ ਕੁ ਮੀਲ ਦੀ ਦੂਰੀ ਤੇ ਹੈ।

**੧੫੨੪** *(ਆਯੂ ੨੦ ਸਾਲ)*: ਭਾਈ ਲਹਿਣਾ ਨੇ ਆਪਣੇ ਪਿਤਾ ਦੀ ਮਦਦ ਕਰਨਾ ਅਤੇ ਪਰਵਾਰ ਦੇ ਕਰਿਆਨਾ ਸਟੋਰ ਦਾ ਪ੍ਰਬੰਧ ਕਰਨਾ ਸ਼ੁਰੂ ਕਰ ਦਿਤਾ। ਭਾਈ ਲਹਿਣਾ ਅਤੇ ਉਹਨਾਂ ਦੇ ਪਿਤਾ ਹਿੰਦੂ ਸ਼ਰਧਾਲੂਆਂ ਦੇ ਜੱਥੇ ਨੂੰ ਹਰ ਸਾਲ ਹਿਮਾਲਾ ਦੇ ਨਿਚਲੇ ਪਹਾੜਾਂ ਵਿਚ ਜਵਾਲਾਮੁਖੀ ਲੈ ਕੇ ਜਾਇਆ ਕਰਦੇ ਸਨ ਜੋ ਦੁਰਗਾ ਮਾਤਾ ਦੀ ਸ਼ਰਧਾ ਰਖਣ ਵਾਲਿਆਂ ਲਈ ਪਵਿੱਤਰ ਸਥਾਨ ਸੀ।

**੧੫੨੬** *(ਆਯੂ ੨੨ ਸਾਲ)*: ਭਾਈ ਲਹਿਣਾ ਦੇ ਪਿਤਾ ਜੀ ਦੇ ਦਿਹਾਂਤ ਤੋਂ ਬਾਅਦ, ਭਾਈ ਲਹਿਣਾ ਨੇ ਸ਼ਰਧਾਲੂਆਂ ਦੇ ਜੱਥੇ ਨੂੰ ਨਾਲ ਲੈ ਕੇ ਸਾਲਾਨਾ ਯਾਤਰਾ ਤੇ ਜਾਣਾ ਜਾਰੀ ਰਖਿਆ। ਅਗਲੇ ਛੇ ਸਾਲਾਂ ਲਈ ਇਸ ਜੱਥੇ ਨੂੰ ਖਡੂਰ ਤੋਂ ਦਰਿਆ ਰਾਵੀ ਦੇ ਕਿਨਾਰੇ ਕਿਨਾਰੇ ਪੈਦਲ ਲਿਜਾਇਆ ਕਰਦੇ ਸਨ ਜਿਥੇ ਕਿ ਨੇੜੇ ਹੀ ਪਿੰਡ ਕਰਤਾਰਪੁਰ ਪੈਂਦਾ ਸੀ। ਗੁਰੂ ਨਾਨਕ ਨੇ ੧੫੨੧ ਈਸਵੀ ਵਿਚ ਇਸ ਪਿੰਡ ਕਰਤਾਰਪੁਰ ਦੀ ਸਥਾਪਨਾ ਕੀਤੀ ਸੀ।

*******************

# ੨. ਗੁਰੂ ਨਾਨਕ ਜੀ ਪ੍ਰਤੀ ਮੁਗਧ ਹੋਣਾ

**੧੫੩੨** *(ਆਯੂ ੨੮ ਸਾਲ)*: ਗੁਰੂ ਨਾਨਕ ਜੀ ਨੇ ੧੫੨੧ ਈਸਵੀ ਵਿਚ ਕਰਤਾਰਪੁਰ ਸਥਾਪਤ ਕੀਤਾ ਸੀ ਅਤੇ ਆਪਣੇ ਆਖਰੀ ਸਮੇਂ ਵੇਲੇ ਉਥੇ ਰਹਿਣਾ ਜਾਰੀ ਰਖਿਆ ਸੀ। ਉਹ ਹਰ ਕਿਸੇ ਨੂੰ ਆਪਣੇ ਜੀਵਨ ਦੀ ਉਦਾਹਰਣ ਨਾਲ ਅਧਿਆਤਮਿਕ ਜੀਵਨ ਬਸਰ ਕਰਨ ਲਈ ਉਤਸਾਹਤ ਕਰਦੇ ਸਨ ਜਦ ਕਿ ਉਹ ਆਪ ਘਰ ਪਰਵਾਰ ਵਾਲੇ ਗ੍ਰਿਹਸਤੀ ਅਤੇ ਸਧਾਰਨ ਕਿਸਾਨ ਸਨ। ਗੁਰੂ ਨਾਨਕ ਜੀ ਨਾਲ ਦੇ ਇਲਾਕਿਆਂ ਵਿਚ ਅਕਸਰ ਜਾਇਆ ਕਰਦੇ ਸਨ ਤਾਕਿ ਉਹ ਉਥੋਂ ਦੇ ਲੋਕਾਂ ਨੂੰ ਨਵੇਂ ਸਿੱਖੀ ਜੀਵਨ ਬਾਰੇ ਸਿਖਿਆ ਦੇ ਸਕਣ। ਇਕ ਐਸਾ ਰਸਤਾ ਜੋ ਰਸਮਾਂ ਰਿਵਾਜਾਂ ਤੋਂ ਰਹਿਤ, ਸਾਰੀ ਪਿਆਰ ਭਰਪੂਰ ਰਚਨਾ ਦੇ ਇਕ ਪ੍ਰੇਮ ਭਰਪੂਰ ਰਚਨਹਾਰੇ ਪ੍ਰਮਾਤਮਾ ਪ੍ਰਤੀ ਸੁਹਿਰਦ ਅਤੇ ਈਮਾਨਦਾਰ ਸੀ।

ਗੁਰੂ ਨਾਨਕ ਜੀ ਦੇ ਕਈ ਥਾਈਂ ਖਡੂਰ ਸਮੇਤ ਸ਼ਰਧਾਲੂ ਰਹਿੰਦੇ ਸਨ। ਉਹਨਾਂ ਵਿਚੋਂ ਇਕ ਭਾਈ ਜੋਧਾ ਸੀ ਜੋ ਖਡੂਰ ਵਿਚ ਰਹਿੰਦਾ ਸੀ। ਭਾਈ ਲਹਿਣਾ ਨੇ ਇਕ ਦਿਨ ਭਾਈ ਜੋਧਾ ਤੋਂ ਸੁਰੀਲੀ ਆਵਾਜ਼ ਵਿਚ ਗੁਰੂ ਨਾਨਕ ਜੀ ਦੀ ਉਚਾਰੀ 'ਆਸਾ ਦੀ ਵਾਰ' ਦੀ ੨੧ਵੀਂ ਪਉੜੀ ਦਾ ਸ਼ਬਦ ਗਾਉਂਦਿਆਂ ਸੁਣਿਆ। ਇਸ ਸ਼ਬਦ ਨੇ ਭਾਈ ਲਹਿਣਾ ਤੇ ਡੂੰਘਾ ਪ੍ਰਭਾਵ ਪਾਇਆ। ਭਾਈ ਜੋਧਾ ਉਸ ਵੇਲੇ ਗੁਰੂ ਨਾਨਕ ਜੀ ਦੀ ਹੇਠ ਦਿਤੀ ਰਚਨਾ ਦਾ ਪਾਠ ਕਰ ਰਿਹਾ ਸੀ:

> ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਾਲੀਐ॥
> ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ॥
> ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ॥
> ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ॥
> ਕਿਛੁ ਲਾਹੇ ਉਪਰਿ ਘਾਲੀਐ॥੨੧॥ ਆਸਾ ਦੀ ਵਾਰ
>
> **ਅਰਥ:** ਜਿਸ ਮਾਲਕ ਦਾ ਸਿਮਰਨ ਕੀਤਿਆਂ ਸੁਖ ਮਿਲਦਾ ਹੈ, ਉਸ ਮਾਲਕ ਨੂੰ ਸਦਾ ਯਾਦ ਰੱਖਣਾ ਚਾਹੀਦਾ ਹੈ। ਜਦੋਂ ਮਨੁੱਖ ਨੇ ਆਪਣੇ ਕੀਤੇ ਦਾ ਫਲ ਆਪ ਭੋਗਣਾ ਹੈ ਤਾਂ ਫੇਰ ਕੋਈ ਮਾੜੀ ਕਮਾਈ ਨਹੀਂ ਕਰਨੀ ਚਾਹੀਦੀ ਜਿਸ ਦਾ ਮਾੜਾ ਫਲ ਭੋਗਣਾ ਪਏ। ਮਾੜਾ ਕੰਮ ਭੁੱਲ ਕੇ ਭੀ ਨਾ ਕਰੀਏ, ਡੂੰਘੀ ਵਿਚਾਰ ਵਾਲੀ ਨਜ਼ਰ ਮਾਰ ਕੇ ਤੱਕ ਲਈਏ ਕਿ ਇਸ ਮਾੜੇ ਕੰਮ ਦਾ ਸਿੱਟਾ ਕੀਹ ਨਿਕਲੇਗਾ। ਕੋਈ ਇਹੋ ਜਿਹਾ ਉੱਦਮ ਕਰਨਾ ਚਾਹੀਦਾ ਹੈ, ਜਿਸ ਕਰਕੇ ਪ੍ਰਭੂ ਖਸਮ ਨਾਲੋਂ ਪ੍ਰੀਤ ਨਾ ਟੁੱਟ ਜਾਏ। ਮਨੁੱਖਾ-ਜਨਮ ਪਾ ਕੇ ਕੋਈ ਨਫ਼ੇ ਵਾਲੀ ਘਾਲ ਕਮਾਈ ਕਰਨੀ ਚਾਹੀਦੀ ਹੈ। 21

ਭਾਈ ਲਹਿਣਾ ਨੇ ਸ਼ਾਇਦ ਇਹ ਪਹਿਲੀ ਵਾਰ ਅਪਨੀ ਮਾਂ ਬੋਲੀ ਪੰਜਾਬੀ ਵਿਚ ਇਤਨੀ ਸਪਸ਼ਟ ਤੌਰ ਤੇ ਪ੍ਰਮਾਤਮਾ ਦੀ ਸਿਫ਼ਤ ਨੂੰ ਸੁਣਿਆ ਸੀ। ਉਹਨਾਂ ਨੇ ਇਸ ਸ਼ਬਦ ਨੂੰ ਸਮਝਿਆ ਅਤੇ ਇਸਦਾ ਸੰਦੇਸ਼ ਉਹਨਾਂ ਦੀ ਆਤਮਾ ਨੂੰ ਛੂਹ ਗਿਆ। ਉਹਨਾਂ ਨੇ ਭਾਈ ਜੋਧਾ ਨੂੰ ਕੁਝ ਹੋਰ ਸ਼ਬਦਾਂ ਦਾ ਗਾਇਨ ਕਰਨ ਲਈ ਬੇਨਤੀ ਕੀਤੀ ਅਤੇ ਭਾਈ ਜੋਧਾ ਬੜੀ ਖ਼ੁਸ਼ੀ ਨਾਲ ਮੰਨ ਗਿਆ। ਇਹਨਾਂ ਸ਼ਬਦਾਂ ਦੇ ਰਚੇਤਾ ਬਾਰੇ ਪੁੱਛਣ ਤੇ ਭਾਈ ਜੋਧਾ ਨੇ ਦਸਿਆ ਕਿ ਇਹ ਸ਼ਬਦ ਗੁਰੂ ਨਾਨਕ ਦੀਆਂ ਰਚਨਾਵਾਂ ਸਨ ਜੋ ਕਰਤਾਰਪੁਰ ਵਿਚ ਰਹਿੰਦੇ ਸਨ। ਭਾਈ ਲਹਿਣਾ ਦੀ ਤੀਬਰ ਇੱਛਾ ਜਾਗਰੁਕ ਹੋ ਗਈ ਅਤੇ ਉਹਨਾਂ ਨੇ ਸਾਲਾਨਾ ਯਾਤਰਾ ਤੇ ਜਾਂਦਿਆਂ ਕਰਤਾਰਪੁਰ ਰੁਕ ਕੇ ਗੁਰੂ ਨਾਨਕ ਜੀ ਦੇ ਦਰਸ਼ਨ ਕਰਨ ਦਾ ਫ਼ੈਸਲਾ ਕੀਤਾ।

ਭਾਈ ਲਹਿਣਾ ਆਪਣੇ ਪਰਵਾਰ ਅਤੇ ਜਥੇ ਨੂੰ ਨਾਲ ਲੈਕੇ ਜਵਾਲਾਮੁਖੀ ਦੀ ਯਾਤਰਾ ਤੇ ਜਾ ਰਹੇ ਸਨ। ਭਾਈ ਲਹਿਣਾ ਨੇ ਆਪਣੇ ਜਥੇ ਨਾਲ ਕਰਤਾਰਪੁਰ ਵਿਖੇ ਰੁਕਣ ਬਾਰੇ ਗੱਲ ਕੀਤੀ। ਭਾਈ ਲਹਿਣਾ ਨੇ

ਦਸਿਆ ਕਿ ਉਹ ਇਸ ਯਾਤਰਾ ਦੌਰਾਨ ਦੋ ਧਾਰਮਿਕ ਕਾਰਜ ਕਰ ਸਕਦੇ ਸਨ। ਉਹ ਗੁਰੂ ਨਾਨਕ ਕੋਲ ਜਾ ਸਕਦੇ ਸਨ ਜਿਹਨਾਂ ਨੂੰ ਕੁਝ ਲੋਕ ਪ੍ਰਮਾਤਮਾ ਦਾ ਪਿਆਰਾ ਕਹਿੰਦੇ ਹਨ ਅਤੇ ਬਹੁਤ ਲੋਕ ਉਹਨਾਂ ਦੀ ਉਤਸਾਹਤ ਕਰਨ ਵਾਲੀ ਸੰਗਤ ਦੀ ਤਾਂਘ ਕਰਦੇ ਹਨ। ਉਸਤੋਂ ਬਾਅਦ ਉਹ ਸਾਰੇ ਦੁਰਗਾ ਦੇਵੀ ਪ੍ਰਤੀ ਸਤਿਕਾਰ ਭੇਂਟ ਕਰਨ ਲਈੰ ਹਮਾਲਿਆ ਪਹਾੜਾਂ ਵਿਚ ਜਵਾਲਾਮੁਖੀ ਮੰਦਰ ਜਾਣਗੇ।



ਸ਼ਰਧਾਲੂਆਂ ਨੂੰ ਇਹ ਜਾਣਕਾਰੀ ਦੇਣ ਤੋਂ ਬਾਅਦ, ਉਹਨਾਂ ਨੇ ਗੁਰੂ ਨਾਨਕ ਜੀ ਦੇ ਦਰਸ਼ਨ ਕਰਨ ਲਈ ਆਪਣੇ ਘੋੜੇ ਨੂੰ ਕਰਤਾਰਪੁਰ ਪਿੰਡ ਵੱਲ ਮੋੜ ਲਿਆ। ਰਸਤੇ ਵਿਚ, ਉਹ ਇਕ ਵਿਅੱਕਤੀ ਨੂੰ ਮਿਲੇ ਜੋ ਆਪਣੇ ਖੇਤਾਂ ਚੋਂ ਆਪਣੇ ਪਿੰਡ ਵੱਲ ਜਾ ਰਿਹਾ ਸੀ। ਭਾਈ ਲਹਿਣਾ ਨੇ ਉਸ ਤੋਂ ਧਰਮਸਾਲਾ ਦਾ ਰਸਤਾ ਪੁਛਿਆ (ਸਿਖਾਂ ਦਾ ਸਿਖਿਆ ਕੇਂਦਰ ਜੋ ਬਾਅਦ ਵਿਚ ਗੁਰਦੁਆਰਾ ਵਜੋਂ ਜਾਣਿਆ ਜਾਣ ਲਗਿਆ) ਜਿਥੇ ਗੁਰੂ ਨਾਨਕ ਜੀ ਆਪਣੀ ਅਧਿਆਤਮਿਕ ਸਿਖਿਆ ਦਿਆ ਕਰਦੇ ਸਨ। ਉਸ ਵਿਅੱਕਤੀ ਨੇ ਭਾਈ ਲਹਿਣਾ ਨੂੰ ਪਿੱਛੇ ਪਿੱਛੇ ਆਉਣ ਲਈ ਕਿਹਾ ਕਿਉਂਕਿ ਉਹ ਵੀ ਉਥੇ ਹੀ ਜਾ ਰਿਹੇ ਸਨ। ਜਦ ਉਹ ਧਰਮਸਾਲਾ ਦੇ ਦਰਵਾਜੇ ਤੇ ਪਹੁੰਚੇ, ਉਸ ਵਿਅੱਕਤੀ ਨੇ ਭਾਈ ਲਹਿਣੇ ਨੂੰ ਘੋੜੇ ਨੂੰ ਬੰਨ੍ਹ ਕੇ ਦਰਵਾਜੇ ਰਾਹੀਂ ਅੰਦਰ ਜਾਣ ਲਈ ਕਿਹਾ।



ਦਰਵਾਜੇ ਰਾਹੀਂ ਕਮਰੇ ਅੰਦਰ ਦਾਖਲ ਹੋਣ ਤੇ ਭਾਈ ਲਹਿਣਾ ਨੇ ਦੇਖਿਆ ਕਿ ਜਿਸ ਵਿਅੱਕਤੀ ਨੇ ਰਸਤਾ ਦਸਿਆ ਸੀ, ਉਹ ਗੁਰੂ ਦੇ ਸਿੰਘਾਸਨ ਤੇ ਬੈਠਾ ਸੀ। ਭਾਈ ਲਹਿਣਾ ਨੇ ਬਹੁਤ ਸਤਿਕਾਰ ਸਹਿਤ ਮੱਥਾ ਟੇਕਿਆ ਅਤੇ ਇਕ ਪਾਸੇ ਬੈਠ ਗਿਆ। ਭਾਈ ਲਹਿਣਾ ਨੂੰ ਪਛਤਾਵਾ ਹੋ ਰਿਹਾ ਸੀ ਕਿ ਗੁਰੂ ਜੀ ਪੈਦਲ ਚਲਦੇ ਰਿਹੇ ਜਦਕਿ ਉਹ ਆਪ ਘੋੜੇ ਤੇ ਚੜ੍ਹਿਆ ਰਿਹਾ। ਗੁਰੂ ਨਾਨਕ ਜੀ ਦੇ ਸਧਾਰਨ ਕਪੜੇ ਅਤੇ ਵਿਵਹਾਰ ਦੇਖ ਕੇ ਭਾਈ ਲਹਿਣਾ ਬਹੁਤ ਪ੍ਰਭਾਵਤ ਹੋਇਆ। ਉਸਦਾ ਸ਼ਾਇਦ ਅੰਦਾਜ਼ਾ ਸੀ ਕਿ ਗੁਰੂ ਜੀ ਇਕ ਸ਼ਾਨਦਾਰ ਮਹੱਲ ਵਿਚ ਰਹਿੰਦੇ ਹੋਣਗੇ ਅਤੇ ਇਕ ਸ਼ਾਨ ਬਾਨ ਵਾਲੇ ਨਰਮ ਗੱਦੇ ਦੇ ਸਿੰਘਾਸਨ ਤੇ ਬੈਠੇ ਹੋਣਗੇ, ਗਰੂ ਜੀ ਨੇ ਹੀਰੇ-ਜਵਾਹਰਾਤਾਂ ਨਾਲ ਜੜੇ ਪੁਸ਼ਾਕ ਪਹਿਨੇ ਹੋਣਗੇ ਅਤੇ ਉਹਨਾਂ ਦੀ ਪਗੜੀ ਹੀਰਿਆ ਨਾਲ ਜੜੰਤ ਬਹੁਤ ਪ੍ਰਭਾਵਸ਼ਾਲੀ ਹੋਵੇਗੀ ਅਤੇ ਸ਼ਾਇਦ ਕੋਈ ਦੁਰਲੱਭ ਹੀਰਿਆ ਦਾ ਹਾਰ ਪਹਿਨਿਆ ਹੋਵੇਗਾ। ਗੁਰੂ ਜੀ ਬਾਰੇ ਭਾਈ ਲਹਿਣਾ ਦਾ ਅਜਿਹਾ ਅਨੁਮਾਨ ਕਿਸੇ ਹਿੰਦੂ ਦੇਵੀ ਜਾਂ ਦੇਵਤਾ ਦੇ ਕੀਤੇ ਸ਼ਿੰਗਾਰ ਵਰਗਾ ਹੋਵੇਗਾ।

ਗੁਰੂ ਨਾਨਕ ਜੀ ਵਿਚ ਉਸਨੇ ਅਜਿਹਾ ਕੁਝ ਵੀ ਨਾ ਦੇਖਿਆ। ਉਸਨੇ ਆਪਣੇ ਹੱਥਾਂ ਨਾਲ ਖੇਤਾਂ ਵਿਚ ਸਖ਼ਤ ਮੇਹਨਤ ਕਰਦੇ ਵਿਅੱਕਤੀ ਦੀ ਸਧਾਰਨਤਾ ਨੂੰ ਦੇਖਿਆ। ਗੁਰੂ ਜੀ ਦਾ ਰਹਿਣ ਸਹਿਣ ਬਹੁਤ ਸਧਾਰਨ ਅਤੇ ਦਿਖਾਵਾ ਰਹਿਤ ਸੀ ਕਿਉਂਕਿ ਉਹ ਕਿਸੇ ਵੀ ਝੂਠੇ ਅਭਿਮਾਨ ਤੋਂ ਰਹਿਤ ਸਨ। ਗੁਰੂ ਨਾਨਕ ਜੀ ਦੀ ਸੁੱਘੜ ਸੂਝ ਬੂਝ ਅਤੇ ਸ਼ਿਸ਼ਟਾਚਾਰ ਨੇ ਭਾਈ ਲਹਿਣਾ ਨੂੰ ਅਤਿ ਦਾ ਪ੍ਰਭਾਵਤ ਕੀਤਾ ।

ਇਸ ਸਭ ਕੁਝ ਬਾਰੇ ਉਹ ਹਾਲੇ ਸੋਚਾਂ ਵਿਚ ਹੀ ਵਿਅੱਸਤ ਸੀ ਕਿ ਗੁਰੂ ਨਾਨਕ ਜੀ ਨੇ ਉਸਨੂੰ ਉਸਦਾ ਨਾਮ ਪੁਛਿਆ। ਭਾਈ ਲਹਿਣਾ ਨੇ ਅਪਨਾ ਨਾਮ "ਲਹਿਣਾ" ਦਸਿਆ ਅਤੇ ਕਿਹਾ ਕਿ ਉਹ ਆਪਣੇ ਪਿੰਡ ਦੇ ਇਕ ਜਥੇ ਨੂੰ ਦੁਰਗਾ ਦੇਵੀ ਦੇ ਮੰਦਰ ਦੀ ਤੀਰਥ ਯਾਤਰਾ ਤੇ ਲੈ ਕੇ ਜਾ ਰਿਹਾ ਸੀ। ਗੁਰੂ ਜੀ ਨੇ ਉਸਨੂੰ ਕਿਹਾ ਕਿ ਸਿੱਧਾ ਪ੍ਰਮਾਤਮਾ ਦੀ ਸੇਵਾ ਕਰਨਾ ਬੇਹਤਰ ਹੈ, ਬਜਾਏ ਕਿ ਦੇਵੀ ਦੇਵਤਿਆ ਦੇ

ਰਾਹੀਂ ਜਿਹਨਾਂ ਨੂੰ ਆਪ ਸ਼ਰਧਾਲੂਆ ਦੀਆ ਇਛਾਵਾਂ ਪੂਰਤੀ ਲਈ ਪ੍ਰਮਾਤਮਾ ਨੂੰ ਕਹਿਣਾ ਪੈਂਦਾ ਹੈ। ਗੁਰੂ ਜੀ ਨੇ ਜੀਵਨ ਦੇ ਸਹੀ ਮਕਸਦ ਬਾਰੇ ਦਸਿਆ ਕਿ ਕਿਵੇਂ ਸਚ-ਭਰਪੂਰ ਜੀਵਨ ਦੀ ਭਾਲ ਕਰਨੀ ਚਾਹੀਦੀ ਹੈ। ਗੁਰੂ ਜੀ ਨੇ ਇਕ ਪ੍ਰਮਾਤਮਾ ਨੂੰ ਯਾਦ ਕਰਨ ਦੀ ਮਹੱਤਤਾ ਤੇ ਜ਼ੋਰ ਦਿਤਾ ਜਿਸਨੇ ਹਰ ਜਗਹ ਤੇ ਹਰ ਕਿਸੇ ਦੀ ਰਚਨਾ ਕੀਤੀ ਹੈ। ਭਾਈ ਲਹਿਣਾ ਨੇ ਸੰਗਤ ਦੇ ਨਾਲ ਸ਼ਾਮ ਦੇ ਦੀਵਾਨ ਵਿਚ ਹਾਜਰੀ ਭਰੀ। ਫਿਰ ਉਹ ਰਾਤ ਦੇ ਸਮੇਂ ਉਥੇ ਹੀ ਰਿਹਾ ਅਤੇ ਸਵੇਰ ਦੇ ਦੀਵਾਨ ਵਿਚ ਵੀ ਹਾਜ਼ਰ ਹੋਇਆ।

ਗੁਰੂ ਨਾਨਕ ਜੀ ਪਾਸੋਂ ਸੁੱਘੜਤਾ ਭਰਪੂਰ ਸ਼ਬਦ ਸੁਣਕੇ, ਭਾਈ ਲਹਿਣਾ ਨੇ ਉਹਨਾਂ ਸ਼ਬਦਾਂ ਉਪਰ ਧਿਆਨ ਦਿਤਾ ਅਤੇ ਦੇਵੀ ਦੀ ਯਾਤਰਾ ਤੇ ਜਾਣ ਦਾ ਵਿਚਾਰ ਹੀ ਤਿਆਗ ਦਿਤਾ। ਭਾਈ ਲਹਿਣਾ ਨੇ ਯਾਤਰੂਆਂ ਨੂੰ ਦਸਿਆ ਕਿ ਗੁਰੂ ਜੀ ਦੇ ਬਚਨ ਸੁਣ ਕੇ ਉਸਨੂੰ ਮਾਨਸਿਕ ਸ਼ਾਂਤੀ ਮਿਲ ਗਈ ਹੈ। ਉਸਨੂੰ ਨਿਸ਼ਚਾ ਹੋ ਗਿਆ ਸੀ ਕਿ ਉਸਨੇ ਆਪਣੀ ਮੰਜ਼ਲ ਲੱਭ ਲਈ ਹੈ ਅਤੇ ਉਸਨੂੰ ਹੋਰ ਕਿਧਰੇ ਜਾਣ ਦੀ ਲੋੜ ਨਹੀਂ ਰਹੀ। ਭਾਈ ਲਹਿਣਾ ਇਕ ਸਧਾਰਨ ਯਾਤਰਾ ਲਈ ਕਰਤਾਰਪੁਰ ਆਇਆ ਸੀ ਪਰ ਜੀਵਨ ਭਰ ਲਈ ਇਥੇ ਜੁੜ ਗਿਆ। ਉਸਨੇ ਗੁਰੂ ਜੀ ਦੀ ਸੇਵਾ ਪ੍ਰਤੀ ਆਪਣੇ ਆਪ ਨੂੰ ਜੀਵਨ ਭਰ ਲਈ ਅਰਪਨ ਕਰ ਦਿਤਾ ਅਤੇ ਗੁਰੂ ਜੀ ਦਾ ਸਿੱਖ ਬਣ ਗਿਆ। ਉਸਨੇ ਕਰਤਾਰਪੁਰ ਰਹਿਣਾ ਸ਼ੁਰੂ ਕਰ ਦਿਤਾ।

ਚਾਰ ਦਿਨ ਉਥੇ ਰਹਿਣ ਤੋਂ ਬਾਅਦ, ਗੁਰੂ ਨਾਨਕ ਜੀ ਨੇ ਭਾਈ ਲਹਿਣਾ ਨੂੰ ਘਰ ਜਾਣ ਲਈ ਕਿਹਾ। ਉਹ ਜਾ ਕੇ ਆਪਣੇ ਪਰਵਾਰ ਨੂੰ ਦਸੇ ਅਤੇ ਜੇ ਉਹ ਚਾਹੁੰਦਾ ਹੋਵੇ ਤਾਂ ਮੁੜ ਕਰਤਾਰਪੁਰ ਆ ਜਾਵੇ। ਗੁਰੂ ਜੀ ਨੂੰ ਨਮਸਕਾਰ ਕਰਕੇ, ਭਾਈ ਲਹਿਣਾ ਮੁੜ ਖਡੂਰ ਆ ਗਿਆ। ਉਸਨੇ ਦੁਕਾਨ ਦੀ ਜ਼ਿੰਮੇਵਾਰੀ ਆਪਣੇ ਵੱਡੇ ਪੁੱਤਰ ਦਾਸੂ ਨੂੰ ਸੌਂਪ ਦਿਤੀ। ਕੁਝ ਦਿਨਾਂ ਬਾਅਦ, ਭਾਈ ਲਹਿਣਾ ਆਪਣੀ ਪਤਨੀ ਮਾਤਾ ਖੀਵੀ ਦੇ ਨਾਲ ਕਰਤਾਰਪੁਰ ਆ ਗਏ ਤਾਕਿ ਉਹ ਦੋਨੋ ਗੁਰੂ ਨਾਨਕ ਜੀ ਕੋਲ ਰਹਿ ਕੇ ਸਭ ਕੁਝ ਸਿੱਖ ਸਮਝ ਸਕਣ।

*******************

# ੩. ਗੁਰੂ ਨਾਨਕ ਜੀ ਨੇ ਕਾਇਆ ਪਲਟ ਦਿੱਤੀ

**੧੫੩੨-੩੯** *(ਆਯੂ ੨੮-੩੫ ਸਾਲ)*: ਹਿੰਦੂ ਸਿਖਿਆਵਾਂ ਦੇ ਅਨੁਸਾਰ, ਬਰਾਦਰੀ ਦਾ ਉਹਨਾਂ ਦੇ ਜਨਮ ਦੇ ਆਧਾਰ ਤੇ ਚਾਰ "ਜਾਤਾਂ" ਵਿਚ ਵਰਗੀਕਰਣ ਕੀਤਾ ਗਿਆ ਸੀ।[੧] ਜਿਹੜੇ ਇਸ ੪-ਪੱਧਰ ਦੀ ਪ੍ਰਣਾਲੀ ਵਿਚ ਸਭ ਤੋਂ ਨੀਵੇਂ ਸਨ, ਉਹਨਾਂ ਨੂੰ 'ਸ਼ੂਦਰ' (ਦਲਿਤ) ਕਿਹਾ ਜਾਂਦਾ ਸੀ। ਉਹ ਕਿਸੇ ਮਾਣ ਸਤਿਕਾਰ ਦੇ ਯੋਗ ਨਹੀਂ ਸਮਝੇ ਜਾਂਦੇ ਸਨ ਅਤੇ ਉਹਨਾਂ ਨੂੰ ਕਿਸੇ ਮੰਦਰ ਵਿਚ ਪੂਜਾ ਕਰਨੀ ਤਾਂ ਇਕ ਪਾਸੇ ਰਹੀ, ਦਰਸ਼ਨ ਕਰਨ ਲਈ ਵੀ, ਦਾਖਲ ਹੋਣ ਦੀ ਆਗਿਆ ਨਹੀਂ ਸੀ। ਭਾਈ ਲਹਿਣਾ ਕਹਿੰਦੇ ਕਹਾਉਂਦੇ "ਉਚ-ਜਾਤੀ" ਦੇ ਹਿੰਦੂ ਸਨ ਅਤੇ ਸ਼ੂਦਰਾਂ ਬਾਰੇ ਉਹਨਾਂ ਦੀ ਭਾਵਨਾ ਸ਼ਾਇਦ ਉਹੋ ਹੀ ਸੀ।ਗੁਰੂ ਨਾਨਕ ਜੀ ਵਿਸ਼ਵਾਸ ਕਰਦੇ ਸਨ ਕਿ ਸਾਰੇ ਮਨੁੱਖ ਇਕ ਪ੍ਰਮਾਤਮਾ ਦੇ ਬਣਾਏ ਹੋਏ ਹਨ ਅਤੇ ਸਾਰੇ ਬਰਾਬਰ ਸਨ। ਭਾਈ ਲਹਿਣਾ ਦੇ ਨਾਲ ਗੁਰੂ ਨਾਨਕ ਜੀ ਦੀ ਗਲਬਾਤ ਦੌਰਾਨ, ਗੁਰੂ ਨਾਨਕ ਨੇ ਇਹ ਯਕੀਨਨ ਬਨਾਉਣ ਲਈ ਕਈ ਕਦਮ ਚੁੱਕੇ ਕਿ ਭਾਈ ਲਹਿਣਾ ਸਭਨਾਂ ਨਾਲ ਬਿਨਾਂ ਕਿਸੇ ਭੇਦ ਭਾਵ ਦੇ ਪਿਆਰ ਕਰਨ ਅਤੇ ਹਰ ਕਿਸੇ ਦਾ ਬਰਾਬਰ ਸਤਿਕਾਰ ਕਰਨ।

ਗੁਰੂ ਨਾਨਕ ਜੀ ਇਕ ਸ਼੍ਰੇਣੀ-ਰਹਿਤ ਅਤੇ ਵਰਗ-ਰਹਿਤ ਸਮਾਜ ਦੇ ਹਾਮੀ ਸਨ ਜਿਸ ਵਿਚ ਕੋਈ ਵੱਡਾ-ਛੋਟਾ ਨਾ ਹੋਵੇ। ਹਰ ਕਿਸੇ ਲਈ ਬਰਾਬਰਤਾ ਦਾ ਨਿਯਮ ਸਿੱਖੀ ਜੀਵਨ ਵਿਚ ਸ਼ੁਰੂ ਤੋਂ ਹੀ ਮੰਨ ਲਿਆ ਗਿਆ ਸੀ। ਇਸ ਦੇ ਉਲਟ, ਅਸੀਂ ਅੱਜ ਵੀ ਸਾਰੀ ਦੁਨੀਆ ਨੂੰ ਸ਼੍ਰੇਣੀ-ਬੱਧ, ਰੰਗ-ਰੂਪ ਅਤੇ ਪਿਛੋਕੜ ਦੇ ਆਧਾਰ ਤੇ ਵੰਡੇ ਹੋਏ ਦੇਖਦੇ ਹਾਂ।

"ਉਚ ਹਿੰਦੂ" ਤਿੰਨ ਜਾਤੀਆਂ ਦੇ ਲੋਕ - ਬ੍ਰਾਹਮਣ, ਕਸ਼ਤਰੀਆ ਅਤੇ ਵੈਸ਼ਣਵ - "ਨੀਵੀਂ ਜਾਤੀ" ਦੇ ਸ਼ੂਦਰਾਂ ਦਾ ਸਤਿਕਾਰ ਨਹੀਂ ਕਰਦੇ ਸਨ ਕਿਉਂਕਿ ਇਹਨਾ ਨੂੰ ਕਮਾਈ ਲਈ ਘਟੀਆਂ ਕੰਮ ਕਰਨੇ ਪੈਂਦੇ ਸਨ। ਵਿਅੰਗ ਰੁਪ ਵਿਚ, ਇਹ ਘਟੀਆ ਕੰਮ 'ਉਚ ਜਾਤੀ' ਵਾਲਿਆਂ ਵਲੋਂ ਹੀ 'ਨੀਚੀ ਜਾਤੀ' ਦੇ ਲੋਕਾਂ ਲਈ ਨਿਰਧਾਰਤ ਕੀਤੇ ਜਾਦੇ ਸਨ। ਸੱਤ ਸਾਲਾਂ (੧੫੩੨-੩੯) ਦੇ ਦੌਰਾਨ, ਗੁਰੂ ਨਾਨਕ ਜੀ ਨੇ ਇਸਤਰ੍ਹਾਂ ਕਹੇ ਜਾਂਦੇ ਕਈ ਘਟੀਆ ਕੰਮ ਭਾਈ ਲਹਿਣਾ ਨੂੰ ਕਰਨ ਲਈ ਦਿਤੇ ਜੋ ਹਿੰਦੂ ਧਰਮ ਅਨੁਸਾਰ 'ਨੀਂਵੀਂ ਜਾਤੀ' ਦੇ ਲੋਕਾਂ ਨੂੰ ਹੀ ਕਰਨੇ ਬਣਦੇ ਸਨ। ਗੁਰੂ ਨਾਨਕ ਜੀ ਨੇ ਇਹ ਸਭ ਇਸ ਲਈ ਕੀਤਾ ਤਾਕਿ ਭਾਈ ਲਹਿਣਾ ਜੀ ਸ਼ੁਦਰਾਂ ਦੇ ਕੀਤੇ ਅਜਿਹੇ ਔਖੇ ਕੰਮਾਂ ਨੂੰ ਸਮਝ ਸਕਣ ਅਤੇ ਉਹਨਾਂ ਪ੍ਰਤੀ ਹਮਦਰਦੀ ਅਤੇ ਸਤਿਕਾਰ ਦੀ ਭਾਵਨਾ ਪੈਦਾ ਹੋ ਸਕੇ।

ਗੁਰੂ ਨਾਨਕ ਜੀ ਨੇ ਬਹੁਤ ਸਧਾਰਨ ਕੰਮਾਂ ਰਾਹੀਂ ਭਾਈ ਲਹਿਣਾ ਦੀ ਸ਼ਰਧਾ ਨੂੰ ਸਿੱਖੀ ਜੀਵਨ ਦੇ ਨਿਯਮਾਂ ਲਈ ਪਰਖਿਆ। ਅਜਿਹੀ ਪਰਖਾਂ ਰਾਹੀਂ, ਗੁਰੂ ਨਾਨਕ ਜੀ ਨੂੰ ਭਾਈ ਲਹਿਣਾ ਦੀ ਸਿਖੀ ਅਸੂਲਾਂ ਬਾਰੇ ਸਮਝ ਦਾ ਪੱਕਾ ਯਕੀਨ ਹੋ ਗਿਆ। ਗੁਰੂ ਨਾਨਕ ਜੀ ਨੇ ਹੋਰ ਸਿੱਖਾਂ ਨੂੰ ਵੀ, ਆਪਣੇ ਪੁਤਰਾਂ ਸਮੇਤ, ਐਹੋ ਜਿਹੀਆਂ ਪਰਖਾਂ ਵਿਚ ਪਾਇਆ। ਕੁਝ ਸਮਾ ਬੀਤਣ ਤੇ, ਗੁਰੂ ਨਾਨਕ ਜੀ ਅਤੇ ਹੋਰ ਸਭ ਜੋ ਗੁਰੂ ਜੀ ਨਾਲ ਰਹਿੰਦੇ ਸਨ, ਨੂੰ ਇਹ ਸਪਸ਼ਟ ਹੋ ਗਿਆ ਕਿ ਭਾਈ ਲਹਿਣਾ ਹੀ ਉਹਨਾਂ ਦੇ ਉਤਰਾਧਿਕਾਰੀ ਅਤੇ ਅਗਲਾ ਗੁਰੂ ਹੋਣ ਦੇ ਹੱਕਦਾਰ ਹਨ। ਭਾਈ ਲਹਿਣਾ ਨੇ ਆਪਣੇ ਆਪ ਨੂੰ ਹਰ ਤਰ੍ਹਾਂ ਦੇ ਅਭਿਮਾਨ ਤੋਂ ਛੁਟਕਾਰਾ ਪਾ ਲਿਆ ਸੀ ਅਤੇ ਗੁਰੂ ਜੀ ਇਸ ਦੀ ਸਰਾਹਨਾ ਕਰਦੇ ਸਨ।

ਹੇਠਲੀਆਂ "ਪਰਖਾਂ" ਦੀਆ ਕਹਾਣੀਆ ਸਿੱਖ ਇਤਿਹਾਸ ਵਿਚ ਦਰਜ ਹਨ:

੧. ਇਕ ਦਿਨ, ਕਰਤਾਰਪੁਰ ਪਹੁੰਚਣ ਤੇ, ਭਾਈ ਲਹਿਣਾ ਖੇਤਾਂ ਵੱਲ ਚਲੇ ਗਏ ਜਿਥੇ ਗੁਰੂ ਜੀ ਕੰਮ ਕਰ ਰਹੇ ਸਨ। ਗੁਰੂ ਜੀ ਝੋਨੇ ਦੇ ਖੇਤਾਂ ਵਿਚੋਂ ਵਾਧੂ ਘਾਟੂ ਘਾਹ ਕੱਢ ਰਹੇ ਸਨ। ਗੁਰੂ ਨਾਨਕ ਜੀ ਨੇ ਝੋਨੇ ਦੇ ਕੁਝ ਪੌਦਿਆਂ ਦੇ ਗੱਠੇ ਬਣਾਏ ਅਤੇ ਫਿਰ ਭਾਈ ਲਹਿਣਾ ਨੂੰ ਤਿੰਨ ਗੰਢਾਂ ਚੁੱਕ ਕੇ ਗੁਰੂ ਜੀ ਦੇ ਘਰ ਲਿਜਾਣ ਲਈ ਕਿਹਾ ਅਤੇ ਗੰਢਾਂ ਨੂੰ ਭਾਈ ਲਹਿਣਾ ਦੇ ਸਿਰ ਉਪਰ ਰਖ

ਦਿਤਾ। ਪੌਦਿਆ ਦੇ ਤਣੇ ਡੰਗਰਾਂ ਦੇ ਚਾਰੇ ਵਜੋਂ ਵਰਤੇ ਜਾਣੇ ਸਨ। ਗੰਢਾਂ ਵਿਚੌਂ ਚਿੱਕੜ ਵਹਿ ਰਿਹਾ ਸੀ। ਭਾਈ ਲਹਿਣਾ ਦੇ ਸਿਲਕ ਦੇ ਨਵੇਂ ਕਪੜੇ ਚਿੱਕੜ ਮਿੱਟੀ ਨਾਲ ਲਿੱਬੜ ਕੇ ਖਰਾਬ ਹੋ ਗਏ। ਭਾਈ ਲਹਿਣਾ ਵਾਸਤੇ ਇਸਤਰ੍ਹਾਂ ਚਿੱਕੜ ਵਗੈਰਾ ਚੁੱਕਣਾ ਸ਼ਾਇਦ ਪਹਿਲੀ ਵਾਰ ਹੋਇਆ ਹੋਵੇ ਕਿ ਉਸਨੂੰ 'ਨੀਵੇਂ' ਲੋਕਾਂ ਦੇ ਕਰਨ ਵਾਲਾ ਕੰਮ ਕਰਨਾ ਪਿਆ ਹੋਵੇ। ਉਸਨੇ ਸ਼ਾਇਦ ਉਮੀਦ ਕੀਤੀ ਹੋਵੇ ਕਿ ਅਜਿਹਾ ਕੰਮ ਸਿਰਫ ਸ਼ੂਦਰ ਹੀ ਕਰਦੇ ਹਨ। ਪਰ ਉਸ ਨੇ ਬਿਲਕੁਲ ਕੋਈ ਝਿਜਕ ਨਾ ਕੀਤੀ ਅਤੇ ਸਤਿਕਾਰ ਸਹਿਤ ਗੁਰੂ ਜੀ ਦਾ ਹੁਕਮ ਮੰਨ ਲਿਆ।



੨. ਇਕ ਦਿਨ ਗੁਰੂ ਨਾਨਕ ਜੀ ਇਕ ਖੂਹ ਤੇ ਇਸ਼ਨਾਨ ਕਰਨ ਗਏ। ਵਾਪਸ ਆਉਂਦਿਆਂ, ਉਹਨਾਂ ਦੇ ਨਹਾਉਣ ਵਾਲਾ ਗੜਵਾ ਗੰਦੇ ਪਾਣੀ ਦੇ ਇਕ ਟੋਏ ਵਿਚ ਡਿੱਗ ਪਿਆ। ਹਿੰਦੂ ਧਰਮ ਦੀਆਂ ਸਿਖਿਆਵਾਂ ਅਨੁਸਾਰ, ਸਿਰਫ਼ ਸ਼ੂਦਰ ਲੋਕ ਹੀ ਗੰਦੇ ਪਾਣੀ ਵਿਚ ਵੜਦੇ ਹਨ। ਗੁਰੂ ਜੀ ਉਸ ਥਾਂ ਦੇ ਕਿਸੇ ਸ਼ੂਦਰ ਨੂੰ ਗੜਵਾ ਬਾਹਰ ਕੱਢਣ ਲਈ ਕਹਿ ਸਕਦੇ ਸਨ। ਪਰ ਗੁਰੂ ਜੀ ਨੇ ਭਾਈ ਲਹਿਣਾ ਨੂੰ ਇਸਤਰ੍ਹਾਂ ਕਰਨ ਲਈ ਕਿਹਾ। ਬਿਨਾਂ ਕਿਸੇ ਝਿਜਕ ਦੇ ਭਾਈ ਲਹਿਣਾ ਨੇ ਹੁਕਮ ਮੰਨ ਲਿਆ। ਉਹ ਗੰਦੇ ਪਾਣੀ ਵਿਚ ਵੜ ਗਏ ਅਤੇ ਗੜਵਾ ਬਾਹਰ ਕੱਢ ਲਿਆਂਦਾ।



੩. ਇਕ ਸਵੇਰ ਜਦ ਗੁਰੂ ਜੀ ਨੇ ਧਰਮਸਾਲਾ ਦਾ ਸਾਹਮਣਾ ਦਰਵਾਜ਼ਾ ਖੋਹਲਿਆ, ਤਾਂ ਉਹਨਾਂ ਨੇ ਇਕ ਮਰਿਆ ਚੂਹਾ ਦੇਖਿਆ। ਹਿੰਦੂ ਰਵਾਇਤਾਂ ਅਨੁਸਾਰ, ਕੇਵਲ ਸ਼ੂਦਰ ਹੀ ਮਰੇ ਜਾਨਵਰ ਚੁਕਦੇ ਸਨ। ਫਿਰ ਵੀ, ਗੁਰੂ ਜੀ ਨੇ ਭਾਈ ਲਹਿਣਾ ਨੂੰ ਚੂਹਾ ਚੁੱਕ ਕੇ ਬਾਹਰ ਸੁੱਟਣ ਲਈ ਕਿਹਾ। ਭਾਈ ਲਹਿਣਾ ਨੇ ਗੁਰੂ ਜੀ ਦਾ ਹੁਕਮ ਸੁਣ ਕੇ ਉਸੀ ਵੇਲੇ ਚੂਹਾ ਚੁਕਿਆ ਅਤੇ ਬਿਨਾਂ ਕਿਸੇ ਝਿਜਕ ਦੇ ਬਾਹਰ ਸੁੱਟ ਦਿਤਾ।

੪. ਸਿਆਲੇ ਦੀ ਇਕ ਰਾਤ ਨੂੰ ਗੁਰੂ ਜੀ ਨੇ ਭਾਈ ਲਹਿਣਾ ਨੂੰ ਦਰਿਆ ਰਾਵੀ ਤੇ ਜਾ ਕੇ ਗੰਦੇ ਕਪੜੇ ਧੋ ਕੇ ਲਿਆਉਣ ਲਈ ਕਿਹਾ। ਸਿਆਲੇ ਦੀ ਰੁੱਤ ਕਾਰਨ ਦਰਿਆ ਦਾ ਪਾਣੀ ਬਹੁਤ ਜ਼ਿਆਦਾ ਠੰਢਾ ਸੀ। ਪਰ ਸ਼ੂਦਰ ਲੋਕ ਪੈਸੇ ਕਮਾਨ ਲਈ ਇਹ ਔਖਾ ਕੰਮ ਕਰਦੇ ਸਨ। ਇਕ "ਉਚ ਜਾਤੀ" ਦੇ ਵਿਅੱਕਤੀ ਨੂੰ ਅਜਿਹੇ ਕੰਮ ਕਰਨ ਵਿਚ ਆਉਣ ਵਾਲੀ ਮੁਸ਼ਕਲ ਦਾ ਕੋਈ ਅੰਦਾਜਾ ਨਹੀਂ ਸੀ। ਗੁਰੂ ਜੀ ਨੇ ਚਾਹਿਆ ਕਿ ਭਾਈ ਲਹਿਣਾ ਅਜਿਹਾ ਤਜਰਬਾ ਕਰਨ ਅਤੇ ਉਸਨੂੰ ਗਰੀਬ ਅਤੇ ਕੁਚਲੇ ਹੋਏ ਲੋਕਾਂ ਪ੍ਰਤੀ ਹਮਦਰਦੀ ਕਰਨੀ ਆਵੇ।

੫. ਇਕ ਦਿਨ ਗੁਰੂ ਜੀ ਨੇ ਆਮ ਨਾਲੋਂ ਵੱਖਰੇ ਕੁਝ ਹੋਰ ਤਰ੍ਹਾਂ ਦੇ ਹੀ ਕਪੜੇ ਪਹਿਨੇ, ਹੱਥ ਵਿਚ ਇਕ ਵੱਡਾ ਸੋਟਾ ਲਿਆ ਅਤੇ ਜੰਗਲ ਤੀ ਤਰਫ਼ ਦੌੜੇ। ਬਹੁਤੇ ਲੋਕਾਂ ਨੇ ਇਸ ਅਜੀਬ ਸਥਿਤੀ ਨੂੰ ਦੇਖਿਆ ਅਤੇ ਗੁਰੂ ਜੀ ਦਾ ਪਿੱਛਾ ਕੀਤਾ। ਥੋਹੜੇ ਸਮੇਂ ਬਾਅਦ, ਗੁਰੂ ਜੀ ਨੇ ਆਪਣੇ ਥੈਲੇ ਵਿਚੋਂ ਕੁਝ ਮਿਠਆਈਆਂ ਕਢ ਕੇ ਸੁੱਟੀਆਂ। ਕੁਝ ਲੋਕ ਉਹਨਾਂ ਮਿਠਆਈਆਂ ਨੂੰ ਚੁੱਕਣ ਲਈ ਰੁਕ ਗਏ। ਫਿਰ, ਕੁਝ ਸਮੇਂ ਬਾਅਦ, ਗੁਰੂ ਜੀ ਨੇ ਕੁਝ ਪੈਸੇ ਸੁੱਟੇ। ਕੁਝ ਲੋਕ ਜੋ ਹਾਲੇ ਵੀ ਗੁਰੂ ਜੀ ਦਾ ਪਿੱਛਾ ਕਰ ਰਹੇ ਸਨ, ਉਹ ਪੈਸਿਆਂ ਨੂੰ ਇਕੱਠਾ ਕਰਨ ਲਈ ਰੁਕ ਗਏ। ਫਿਰ, ਗੁਰੂ ਜੀ ਪਿੱਛੇ ਆਉਂਦੇ ਨੂੰ ਮਾਰਨ ਲੱਗੇ। ਭਾਈ ਲਹਿਣਾ ਤੋਂ ਬਿਨਾਂ ਹਰ ਕੋਈ ਗੁਰੂ ਜੀ ਦੇ ਪਿੱਛੇ ਜਾਣੋਂ ਰੁਕ ਗਿਆ। ਗੁਰੂ ਜੀ ਨੇ ਪੁਛਿਆ ਕਿ ਉਹ ਵੀ ਕਿਧਰੇ ਹੋਰ ਕਿਉਂ ਨਹੀਂ ਸੀ ਜਾ ਰਹੇ ਜਦ ਕਿ ਬਾਕੀ ਸਾਰੇ ਉਹਨਾਂ ਨੂੰ ਛੱਡ ਗਏ ਸਨ। ਭਾਈ ਲਹਿਣਾ ਨੇ ਜੁਆਬ ਦਿਤਾ ਕਿ ਗੁਰੂ ਜੀ ਤੋਂ ਬਿਨਾਂ ਕਿਧਰੇ ਜਾਣ ਲਈ ਉਸਦਾ ਹੋਰ ਕੋਈ ਆਸਰਾ ਨਹੀਂ ਸੀ। ਦੂਜਿਆ ਦੇ ਜਾਣ ਲਈ

ਘਰ ਅਤੇ ਹੋਰ ਥਾਵਾਂ ਸਨ। ਕੋਈ ਵੀ ਤਲਖੀ ਵਾਲੇ ਸ਼ਬਦ ਜਾਂ ਗੁਰੂ ਜੀ ਵਲੋਂ ਬੁਰਾ ਵਤੀਰਾ ਭਾਈ ਲਹਿਣਾ ਦੇ ਗੁਰੂ ਜੀ ਪ੍ਰਤੀ ਸ਼ਰਧਾ-ਭਰਪੂਰ ਪਿਆਰ ਨੂੰ ਘੱਟ ਨਹੀਂ ਸੀ ਕਰ ਸਕਦਾ।

ਗੁਰੂ ਜੀ ਨੇ ਭਾਈ ਲਹਿਣਾ ਦੀ ਲਗਨ, ਆਗਿਆਕਾਰੀ, ਨਿਮਰਤਾ ਅਤੇ ਸਿੱਖੀ ਨਿਯਮਾ ਪ੍ਰਤੀ ਸਮਝ ਨੂੰ ਪੂਰੀ ਤਰ੍ਹਾਂ ਪਰਖ ਲਿਆ ਸੀ। ਅਤੇ ਇਹ ਵੀ ਪਰਖ ਲਿਆ ਕਿ ਉਹ ਹਰ ਕਿਸੇ ਨਾਲ ਸਤਿਕਾਰ ਸਹਿਤ ਬਰਾਬਰੀ ਅਤੇ ਮਾਨਵੀ ਤੌਰ ਤੇ ਵਿਵਹਾਰ ਕਰਦੇ ਸਨ। ਸੱਤਾਂ ਸਾਲਾਂ ਦੌਰਾਨ, ਭਾਈ ਲਹਿਣਾ ਗੁਰੂ ਨਾਨਕ ਜੀ ਪਾਸ ਕਰਤਾਰਪੁਰ ਵਿਖੇ ਰਹੇ ਸਨ। ਗੁਰੂ ਜੀ ਦੇ ਸਾਥ ਅਤੇ ਸਿਖਿਆਵਾਂ ਨੇ ਭਾਈ ਲਹਿਣਾ ਨੂੰ ਪੂਰੀ ਤਰ੍ਹਾਂ ਬਦਲ ਦਿਤਾ ਸੀ। ਭਾਈ ਲਹਿਣਾ ਨੇ ਗੁਰੂ ਜੀ ਵਲੋਂ ਆਪਣੇ ਜੀਵਨ ਕਾਲ ਵਿਚ ਸਥਾਪਤ ਕੀਤੇ ਜਾ ਰਹੇ ਨਵੇਂ ਸਿੱਖੀ ਧਰਮ ਦੇ ਸਾਰੇ ਨਿਯਮਾ ਨੂੰ ਪੂਰੀ ਰਜ਼ਾਮੰਦੀ ਨਾਲ ਸਿਖਿਆ ਅਤੇ ਮੰਨਜ਼ੂਰ ਕਰ ਲਿਆ ਸੀ। ਇਹਨਾ ਵਿਚ ਮਨੁੱਖਤਾ ਦੀ ਸੇਵਾ ਕਰਨਾ ਅਤੇ ਹੋਰਨਾ ਨਾਲ ਨਿਮਰਤਾ ਅਤੇ ਮਾਨਵੀ ਵਿਵਹਾਰ ਦੀਆਂ ਕਦਰਾਂ ਕੀਮਤਾਂ ਅਨੁਸਾਰ ਸਿੱਖ ਧਰਮ ਦੇ ਆਦਰਸ਼ਾਂ ਦਾ ਪਾਲਣ ਕਰਨਾ ਸੀ।

ਗੁਰੂ ਨਾਨਕ ਜੀ ਨੇ ਭਾਈ ਲਹਿਣਾ ਧਾਂ ਕਾਇਆ ਪਲਟਦੀ ਦੇਖੀ। ਗੁਰੂ ਨਾਨਕ ਜੀ ਨੂੰ ਸਪਸ਼ਟ ਹੋ ਗਿਆ ਕਿ ਭਾਈ ਲਹਿਣਾ ਨੇ ਗੁਰੂ ਜੀ ਦੀਆਂ ਸਿਖਿਆਵਾਂ ਨੂੰ ਪੂਰੀ ਤਰ੍ਹਾਂ ਸਮਝ ਲਿਆ ਸੀ ਅਤੇ ਆਪਣੇ ਅੰਦਰ ਵਸਾ ਲਿਆ ਸੀ ਅਤੇ ਹੋਰ ਸ਼ਰਧਾਲੂਆਂ ਨੂੰ ਵੀ ਸਿੱਖੀ ਦੇ ਅਸੂਲ ਪੂਰੀ ਤਰ੍ਹਾਂ ਸਮਝਾਉਣ ਦੇ ਯੋਗ ਹੋ ਗਏ ਸਨ।

---

*(੧) ਸ਼ਾਰੇ ਦਸ ਗੁਰੂਆਂ (ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ) ਨੇ ਇਕ ਜਾਤ-ਰਹਿਤ ਅਤੇ ਸ਼੍ਰੇਣੀ-ਰਹਿਤ ਸਮਾਜ ਲਈ ਜ਼ੋਰ ਦਿਤਾ, ਸਿਖਾਇਆ ਅਤੇ ਅਭਿਆਸ ਵੀ ਕੀਤਾ। ਉਹਨਾਂ ਦਾ ਸੰਦੇਸ਼ ਸੀ ਕਿ ਪ੍ਰਮਾਤਮਾ ਇਕ ਹੈ ਅਤੇ ਹਰ ਮਨੁੱਖੀ ਜੀਵ (ਮਰਦ ਜਾਂ ਔਰਤ) ਦੀ ਰਚਨਾ ਬਰਾਬਰਤਾ ਤੌਰ ਤੇ ਹੋਈ ਹੈ। ਬਦਕਿਸਮਤੀ ਵਜੋਂ, ਸਿੱਖ ਲੋਕ ਹਾਲੇ ਵੀ ਆਪਣੇ ਵਿਵਹਾਰ ਅਤੇ ਵਤੀਰੇ ਵਿਚ ਉਸ ਆਦਰਸ਼ ਤੋਂ ਬਹੁਤ ਦੂਰ ਹਨ। ਬਹੁਤ ਸਾਰੇ ਸਿੱਖ ਆਪਣੇ ਪਰਵਾਰ ਦੀ ਪਹਿਚਾਣ ਲਈ ਆਪਣੇ ਨਾਮ ਨਾਲ ਜਾਤ-ਪਾਤ ਲਿਖਦੇ ਹਨ। ਅਜਿਹੇ ਕੁਝ ਪਰਵਾਰਕ ਨਾਮ ਉਹਨਾਂ ਦੇ ਪਿਛੋਕੜ ਨਾਲ ਸਬੰਧ ਰਖਦੇ ਹਨ ਜਾਂ ਸਿੱਖ ਬਣਨ ਤੋਂ ਪਹਿਲਾਂ ਪੂਰਵਜਾਂ ਦੀਆ ਜਾਤਾਂ ਨਾਲ ਜੁੜੇ ਹਨ। ਕੁਝ ਸਿੱਖ ਹਾਲੇ ਵੀ ਆਪਣੇ ਲੜਕੇ ਜਾਂ ਲੜਕੀ ਦੀ ਸ਼ਾਦੀ ਵਾਸਤੇ ਸਾਥ ਲੱਭਣ ਲਈ "ਜਾਤੀ" ਦਾ ਖਿਆਲ ਕਰਦੇ ਹਨ। ਕੁਝ ਗੁਰਦੁਆਰੇ ਵੀ ਵੱਖ ਵੱਖ ਜਾਤਾਂ ਦੇ ਨਾਵਾਂ ਤੇ ਸਥਾਪਿਤ ਕੀਤੇ ਗਏ ਹਨ। ਅਜਿਹਾ ਵਿਵਹਾਰ ਸਿੱਖੀ ਵਿਹਾਰ ਦੇ ਅਨੁਕੂਲ ਨਹੀਂ।*

******************

# ੪. ਭਾਈ ਲਹਿਣਾ ਦੀ ਦੂਜੇ ਨਾਨਕ ਵਜੋਂ ਚੋਣ

**੧੫੩੯**: (ਗੁਰੂ ਨਾਨਕ ਜੀ ਦੀ *ਆਯੂ* ੭੦ ਸਾਲ ਅਤੇ ਭਾਈ ਲਹਿਣਾ ਦੀ *ਆਯੂ* ੩੫ ਸਾਲ) ਭਾਈ ਲਹਿਣਾ ਗੁਰੂ ਨਾਨਕ ਜੀ ਦੇ ਕਰਤਾਰਪੁਰ ਵਿਚ ਰਹਿੰਦਿਆਂ ਹਰ ਕੰਮ ਵਿਚ ਬੜੀ ਚੰਗੀ ਤਰ੍ਹਾਂ ਤਤਪਰ ਰਹਿੰਦੇ ਸਨ। ਉਹ ਹਰ ਤਰ੍ਹਾਂ ਦੀ ਸੇਵਾ, ਸੰਗਤੀ ਕੀਰਤਨ ਅਤੇ ਕਥਾ ਕਰਨ ਵਿਚ ਹਿੱਸਾ ਲੈਂਦੇ ਸਨ। ਉਹ ਲੰਗਰ ਦੀ ਸੇਵਾ ਦੇ ਪ੍ਰਬੰਧ ਕਰਨ ਵਿਚ ਮਦਦ ਕਰਦੇ ਅਤੇ ਯਾਤਰੂਆਂ ਦੇ ਰਹਿਣ ਦਾ ਪ੍ਰਬੰਧ ਵੀ ਕਰਦੇ। ਗੁਰੂ ਜੀ ਨੇ ਪਹਿਲਾਂ ਹੀ ਭਾਈ ਲਹਿਣਾ ਨੂੰ ਬਹੁਤ ਚੰਗੀ ਤਰ੍ਹਾਂ ਵੱਖ ਵੱਖ ਤਰੀਕਿਆਂ ਨਾਲ ਪਰਖ ਲਿਆ ਸੀ ਅਤੇ ਉਹਨਾਂ ਨੂੰ ਸਿੱਖੀ ਪਰਚਾਰ ਦੇ ਜਾਰੀ ਰਖਣ ਲਈ, ਇਸਦਾ ਪਰਸਾਰ ਕਰਨ ਲਈ ਅਤੇ ਇਸਦਾ ਅਭਿਆਸ ਕਰਨ ਲਈ ਪੂਰੀ ਤਰ੍ਹਾਂ ਯੋਗ ਸਮਝ ਲਿਆ ਸੀ।

ਗੁਰੂ ਨਾਨਕ ਜੀ ਨੰ ਪੂਰੀ ਤਰ੍ਹਾਂ ਵਿਸ਼ਵਾਸ ਹੋ ਗਿਆ ਸੀ ਕਿ ਉਹਨਾਂ ਨੇ ਜਿਹੜੇ ਨਵੇਂ ਧਰਮ ਦੀ ਸਥਾਪਨਾ ਕੀਤੀ ਸੀ, ਉਹ ਹੁਣ ਭਲੀ ਭਾਂਤ ਅੱਗੇ ਤੋਰਿਆ ਜਾ ਸਕੇਗਾ, ਇਸਦਾ ਪ੍ਰਬੰਧ ਹੋ ਸਕੇਗਾ, ਵਿਸ਼ਾਲ ਹੋ ਸਕੇਗਾ ਅਤੇ ਸ਼ਕਤੀਸ਼ਾਲੀ ਬਣ ਸਕੇਗਾ। ਭਾਈ ਲਹਿਣਾ ਨੇ ਗੁਰੂ ਨਾਨਕ ਜੀ ਦੀ ਸੇਵਾ ਵਿਚ ਸੱਤ ਸਾਲ ਕਰਤਾਰਪੁਰ ਵਿਖੇ ਗੁਜ਼ਾਰੇ ਸਨ। ਸਿੱਖੀ ਦੇ ਪਰਚਾਰ ਵਿਚ ਭਾਈ ਲਹਿਣਾ ਵਲੋਂ ਭਵਿਖਤ ਵਿਚ ਸਿੱਖ ਧਰਮ ਦੀਆਂ ਸਿਖਿਆਵਾਂ ਨੂੰ ਅੱਗੇ ਤੋਰਨ ਦੇ ਤੌਰ ਤੇ ਗੁਰੂ ਨਾਨਕ ਜੀ ਨੇ ਅਨੁਭਵ ਕੀਤਾ ਕਿ ਉਹਨਾ ਦੋਨਾਂ (ਗੁਰੂ ਨਾਨਕ ਜੀ ਅਤੇ ਭਾਈ ਲਹਿਣਾ) ਵਿਚ ਕੋਈ ਫਰਕ ਨਹੀਂ ਰਿਹਾ। ਗੁਰੂ ਜੀ ਭਾਈ ਲਹਿਣਾ ਦੀ ਅਧਿਆਤਮਿਕ ਯੋਗਤਾਵਾਂ ਬਾਰੇ ਪੂਰੀ ਤਰ੍ਹਾਂ ਜਾਣਦੇ ਸਨ। ਭਾਈ ਲਹਿਣਾ ਹੁਣ ਗੁਰੂ ਨਾਨਕ ਜੀ ਦੇ ਵਾਂਗੂੰ ਹੀ ਸਨ ਅਤੇ ਨਾ ਵੱਖ ਹੋਣ ਵਾਲੇ ਅਟੁੱਟ ਅੰਗ ਬਣ ਚੁੱਕੇ ਸਨ।

ਗੁਰੂ ਨਾਨਕ ਜੀ ਨੇ ਨਿੱਜੀ ਤੌਰ ਤੇ ਭਾਈ ਲਹਿਣਾ ਨੂੰ ਆਪਣਾ ਅਧਿਆਤਮਿਕ ਉਤਰਾਧਿਕਾਰੀ, ਦੂਜੇ ਨਾਨਕ ਵਜੋਂ, ੭ ਸਤੰਬਰ, ੧੫੩੯ ਈਸਵੀ ਨੂੰ ਚੁਣਿਆ ਅਤੇ ਨਿਯੁੱਕਤ ਕੀਤਾ। ਇਸ ਸਬੰਧ ਵਿਚ ਸਿੱਖ ਸੰਗਤਾਂ ਨੂੰ ਦਸਣ ਲਈ ਕਿ ਹੁਣ ਉਹਨਾਂ ਦੋਨਾਂ ਵਿਚ, ਗੁਰੂ ਨਾਨਕ ਜੀ ਅਤੇ ਉਹਨਾਂ ਦੇ ਉਤਰਾਧਿਕਾਰੀ ਦੂਜੇ ਨਾਨਕ ਵਿਚ ਕੋਈ ਫਰਕ ਨਾ ਸਮਝਣ। ਗੁਰੂ ਨਾਨਕ ਜੀ ਨੇ ਭਾਈ ਲਹਿਣਾ ਨੂੰ ਇਕ ਨਵਾਂ ਨਾਮ 'ਅੰਗਦ' ਦਿਤਾ ਜਿਵੇਂ ਕਿ ਉਹ ਗੁਰੂ ਨਾਨਕ ਜੀ ਦਾ ਹੀ ਅੰਗ ਹੋਣ।

ਗੁਰੂ ਨਾਨਕ ਜੀ ਨੇ ਫਿਰ ਆਪਣੀਆਂ ਸਾਰੀਆਂ ਰਚਨਾਵਾਂ ਵਾਲੀ ਪੋਥੀ ਗੁਰੂ ਅੰਗਦ ਜੀ ਨੂੰ ਸੌਂਪ ਦਿਤੀ। ਇਸ ਪੋਥੀ ਵਿਚ ਬਾਬਾ ਫਰੀਦ, ਭਗਤ ਨਾਮਦੇਵ, ਕਬੀਰ, ਰਵਿਦਾਸ ਅਤੇ ਹੋਰਨਾਂ ਦੀਆਂ ਰਚਨਾਵਾ ਸਨ ਜਿਹਨਾਂ ਦੀ ਇਕੱਤਰਤਾ ਗੁਰੂ ਨਾਨਕ ਜੀ ਨੇ ਭਾਰਤ ਵਿਚ ਆਪਣੀਆਂ ਲੰਬੀਆ ਮਿਸ਼ਨਰੀ ਉਦਾਸੀਆਂ ਦੌਰਾਨ ਕੀਤੀ ਸੀ। ਇਹ ਉਹੋ ਪੋਥੀ ਸੀ ਜਿਹਨਾ ਦਾ ਹਵਾਲਾ ਕਾਜ਼ੀਆ ਨੇ ਕੀਤਾ ਸੀ ਜਦੋਂ ਗੁਰੂ ਜੀ ਮੱਕੇ ਦੇ ਦੌਰੇ ਤੇ ਗਏ ਸਨ। ਕਾਜ਼ੀਆਂ ਨੇ ਗੁਰੂ ਜੀ ਨੂੰ ਪੁਛਿਆ ਸੀ ਕਿ ਉਸ ਪੋਥੀ ਅਨੁਸਾਰ, ਜੋ ਉਹ ਚੁੱਕੀ ਫਿਰਦੇ ਸਨ, ਕੌਣ ਬੇਹਤਰ ਸਨ – ਹਿੰਦੂ ਜਾਂ ਮੁਸਲਮਾਨ? ਗੁਰੂ ਜੀ ਨੇ ਉੱਤਰ ਦਿਤਾ ਸੀ ਹਰ ਕਿਸੇ ਦੀ ਅਧਿਆਤਮਿਕਤਾ ਉਸਦੇ ਕੀਤੇ ਕੰਮ ਕਰਕੇ ਹੀ ਜਾਣੀ ਜਾਂਦੀ ਹੈ ।



ਗੁਰੂ ਨਾਨਕ ਜੀ ੨੨ ਸਤੰਬਰ, ੧੫੩੯ ਨੂੰ ਜੋਤੀ ਜੋਤ ਸਮਾ ਗਏ। ਉਸ ਤੋਂ ਬਾਅਦ, ਗੁਰੂ ਅੰਗਦ ਜੀ ਨੇ ਕਰਤਾਰਪੁਰ ਛੱਡ ਦਿਤਾ ਅਤੇ ਖਡੂਰ ਆ ਗਏ। ਉਹਨਾਂ ਨੇ ਸਿੱਖ ਬਰਾਦਰੀ ਲਈ ਇਕ ਨਵਾਂ ਧਾਰਮਿਕ ਕੇਂਦਰ ਸਥਾਪਤ ਕੀਤਾ। ਉਹਨਾ ਨੇ ਬਹੁਤ ਸੁਹਿਰਦਤਾ ਅਤੇ ਸੁਚੱਜੀ ਸੇਧ ਨਾਲ ਗੁਰੂ ਨਾਨਕ ਜੀ ਦੀਆਂ ਸਿਖਿਆਵਾਂ ਨੂੰ ਇੰਨ ਬਿੰਨ ਅੱਗੇ ਚਲਾਇਆ। ਜਲਦੀ ਹੀ ਆਪ ਜੀ ਦੀ ਸਿਆਣਪ ਭਰਪੂਰ ਅਧਿਆਤਮਿਕ ਪ੍ਰਸਿੱਧੀ ਦੂਰ ਤਕ ਜਾਣੀ ਜਾਣ ਲੱਗੀ। ਇਥੋਂ ਤੱਕ ਕਿ ਹਿੰਦੂਆ ਦੇ ਵੱਖ ਵੱਖ ਮੱਤਾਂ ਦੇ ਯੋਗੀ ਅਤੇ ਸੰਤ ਵੀ ਆਪ ਜੀ ਪਾਸ ਖਡੂਰ ਆਏ ਅਤੇ ਸਿੱਖੀ ਬਾਰੇ ਵਿਸਤਾਰ ਸਹਿਤ ਚਰਚੇ ਕੀਤੇ।

*******************

# ੫. ਸਿੱਖ ਬਹਾਦਰ ਅਤੇ ਨਿਰਭੈ ਹੁੰਦਾ ਹੈ

**੧੫੪੦** *(ਆਯੂ ੩੬ ਸਾਲ)*: ਦੂਜੇ ਨਾਨਕ ਵਲੋਂ ਸਥਾਪਤ ਕੀਤੇ ਗੁਰਮਤ ਸਕੂਲ ਨਾਲ ਇਕ ਦਿਲਚਸਪ ਇਤਿਹਾਸਕ ਘਟਨਾ ਜੁੜੀ ਹੋਈ ਹੈ।[੨]

ਮੁਗ਼ਲ ਬਾਦਸ਼ਾਹ ਹਮਾਯੂੰ ਲੜਾਈ ਵਿਚ ਸ਼ੇਰ ਸ਼ਾਹ ਸੂਰੀ ਕੋਲੋਂ ਹਾਰ ਗਿਆ ਸੀ ਅਤੇ ਆਪਣੀ ਜਾਨ ਬਚਾਉਣ ਲਈ ਉਸ ਵੇਲੇ ਈਰਾਨ/ਅਫ਼ਗਾਨਿਸਤਾਨ ਦੇ ਬਾਰਡਰ ਖੁਰਾਸਾਨ ਵੱਲ ਦੌੜਿਆ ਜਾ ਰਿਹਾ ਸੀ। ਉਸਨੇ ਗੋਇੰਦਵਾਲ ਦੇ ਨੇੜੇ ਦਰਿਆ ਬਿਆਸ ਪਾਰ ਕੀਤਾ। ਉਸਦੇ ਕੁਝ ਸ਼ੁਭ-ਚਿੰਤਕਾਂ ਨੇ ਸਲਾਹ ਦਿਤੀ ਕਿ ਉਹ ਦੂਜੇ ਨਾਨਕ, ਗੁਰੂ ਅੰਗਦ ਜੀ ਨੂੰ ਖਡੂਰ ਵਿਚ ਜਾ ਕੇ ਮਿਲੇ ਜੋ ਕਿ ਕੁਝ ਮੀਲ ਦੂਰੀ ਤੇ ਹੀ ਸੀ।

ਹਮਾਯੂੰ ਜਦੋਂ ਖਡੂਰ ਪਹੁੰਚਿਆ ਤਾਂ ਉਸ ਵੇਲੇ ਦੂਜੇ ਨਾਨਕ, ਗੁਰੂ ਅੰਗਦ ਜੀ ਇਕ ਦਰਖ਼ਤ ਦੀ ਛਾਂ ਹੇਠਾਂ ਬਚਿਆਂ ਨੂੰ ਪੜ੍ਹਾਉਣ ਵਿਚ ਰੁੱਝੇ ਹੋਏ ਸਨ। ਬਚਿਆਂ ਨੂੰ ਪੜ੍ਹਾਉਣਾ ਰੋਕਣ ਦੀ ਬਜਾਏ ਗੁਰੂ ਜੀ ਨੇ ਪੜ੍ਹਾਉਣਾ ਜਾਰੀ ਰਖਿਆ। ਗੁਰੂ ਜੀ ਦਾ ਇਰਾਦਾ ਸੀ ਕਿ ਬਚਿਆਂ ਨੂੰ ਪੜ੍ਹਾਉਣ ਤੋਂ ਬਾਅਦ ਕਿਸੇ ਯਾਤਰੂ ਨਾਲ ਗਲਬਾਤ ਕੀਤੀ ਜਾਏ। ਬਾਦਸ਼ਾਹ ਹੋਣ ਕਾਰਨ ਤੁਰੰਤ ਧਿਆਨ ਨਾ ਮਿਲਣ ਕਰਕੇ, ਜਿਸਦਾ ਉਹ ਹੱਕ ਸਮਝਦਾ ਸੀ, ਹਮਾਯੂੰ ਨੇ ਬੇਇਜ਼ਤੀ ਮਸੂਸ ਕੀਤੀ। ਗੁਰੂ ਜੀ ਨੂੰ ਡਰਾਉਣ ਲਈ ਉਸਨੇ ਕਿਰਪਾਨ ਕੱਢ ਲਈ ਅਤੇ ਗੁਰੂ ਜੀ ਨੂੰ ਡਰਾਉਣ ਲਈ ਹਵਾ ਵਿਚ ਤਲਵਾਰ ਨੂੰ ਲਹਿਰਾਇਆ। ਇਹ ਦੇਖਕੇ ਗੁਰੂ ਜੀ ਮੁਸਕਰਾਏ ਅਤੇ ਕਿਹਾ ਕਿ ਤਲਵਾਰ ਨੂੰ ਲੜਾਈ ਦੇ ਮੈਦਾਨ ਵਿਚ ਵਰਤਣਾ ਸੀ, ਨਾਕਿ ਧਰਮੀ ਲੋਕਾਂ ਨੂੰ ਧਮਕਾਉਣ/ਡਰਾਉਣ ਲਈ। ਹਮਾਯੂੰ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਅਤੇ ਆਪਣੇ ਕੀਤੇ ਕੰਮ ਲਈ ਅਫ਼ਸੋਸ ਜ਼ਾਹਰ ਕੀਤਾ।



ਗੁਰੂ ਜੀ ਨੇ ਸਿੱਖਾਂ ਨੂੰ ਇਕ ਜ਼ਰੂਰੀ ਸਬਕ ਸਿਖਾਇਆ। ਉਹਨਾਂ ਨੇ ਪ੍ਰਤੱਖ ਤੌਰ ਤੇ ਦਿਖਾਇਆ ਕਿ ਉਹਨਾਂ ਨੂੰ ਵੀ ਬਹਾਦਰ, ਨਿਰਭੈ ਅਤੇ ਸਪਸ਼ਟ ਇਰਾਦੇ ਦੇ ਹੋਣਾ ਚਾਹੀਦਾ ਹੈ। ਉਹਨਾਂ ਨੂੰ ਕਿਸੇ ਤੋਂ ਡਰਨਾ ਨਹੀਂ ਚਾਹੀਦਾ ਅਤੇ ਕਿਸੇ ਵੀ ਵਿਅੱਕਤੀ ਦਾ ਉਸਦੇ ਗੁਣਾਂ ਕਰਕੇ ਸਤਿਕਾਰ ਕਰਨਾ ਚਾਹੀਦਾ ਹੈ, ਨਾਕਿ ਉਸਦੀ ਦੌਲਤ, ਸਿਆਸੀ ਅਹੁਦਾ ਜਾਂ ਹੈਸੀਅਤ ਕਰਕੇ। ਦੂਜੇ ਨਾਨਕ ਨੇ 'ਨਿਰਭੈ' ਹੋਣ ਦਾ ਪ੍ਰਤੱਖ ਸੰਕਲਪ ਦਿਖਾਇਆ।

*(੨) ਮੁਗ਼ਲ ਸ਼ਾਸਨ ਦੌਰਾਨ, ਸਰਕਾਰੀ ਭਾਸ਼ਾ ਫ਼ਾਰਸੀ ਸੀ। ਸਕੂਲ ਖੋਹਲਣਾ ਅਤੇ ਸਥਾਨਕ ਭਾਸ਼ਾਵਾਂ ਦਾ ਪੜ੍ਹਾਉਣਾ ਮਨ੍ਹਾ ਸੀ। ਗੈਰ-ਮੁਸਲਮਾਨਾ ਵਾਸਤੇ ਸਿਖਿਆ ਹਾਸਲ ਕਰਨਾ ਮੁਸ਼ਕਲ ਸੀ। ਦੂਜੇ ਨਾਨਕ ਨੇ ਹਿੰਮਤ ਕਰਕੇ ਸਕੂਲ ਦੀ ਸਥਾਪਨਾ ਕੀਤੀ ਅਤੇ ਲੋਕਾਂ ਨੂੰ ਸਥਾਨਕ ਤੌਰ ਤੇ ਬੋਲੀ ਜਾਂਦੀ ਪੰਜਾਬੀ ਭਾਸ਼ਾ ਵਿਚ ਪੜ੍ਹਾਇਆ।*

*******************

# ੬. ਗੋਇੰਦਵਾਲ ਦੀ ਸਥਾਪਨਾ

**੧੫੪੬** *(ਆਯੂ ੪੨ ਸਾਲ)*: ਦੂਜੇ ਨਾਨਕ ਦੇ ਸਮੇਂ, ਹੁਣ ਵਾਲੇ ਗੋਇੰਦਵਾਲ ਸ਼ਹਿਰ ਦੇ ਖੇਤਰ ਦੀ ਜ਼ਮੀਨੀ ਜਾਇਦਾਦ ਇਕ ਗੋਇੰਦਾ ਨਾਮੀ ਵਿਅੱਕਤੀ ਦੇ ਪੂਰਵਜਾਂ ਦੀ ਸੀ। ਉਹ ਆਪਣੇ ਪੂਰਵਜਾਂ ਦੀ ਯਾਦ ਵਿਚ ਇਕ ਸ਼ਹਿਰ ਸਥਾਪਤ ਕਰਨਾ ਚਾਹੁੰਦਾ ਸੀ। ਪਰ ਉਸਦੇ ਰਿਸ਼ਤੇਦਾਰ ਉਸ ਨਾਲ ਈਰਖਾ ਕਰਦੇ ਸਨ ਅਤੇ ਸ਼ਹਿਰ ਨਹੀਂ ਬਨਾਉਣ ਦੇਣਾ ਚਾਹੁੰਦੇ ਸਨ। ਇਹ ਜ਼ਮੀਨ ਦਰਿਆ ਕਿਨਾਰੇ ਸੀ ਅਤੇ ਦਿੱਲੀ-ਲਾਹੌਰ ਦੇ ਸ਼ਾਹੀ ਮਾਰਗ ਤੇ ਸਥਿਤ ਸੀ। ਗੁਰੂ ਜੀ ਨੇ ਸਿੱਖੀ ਕੇਂਦਰ ਦੇ ਤੌਰ ਤੇ ਇਕ ਨਵਾਂ ਸ਼ਹਿਰ ਵਸਾਉਣ ਲਈ ਇਸ ਥਾਂ ਨੂੰ ਬਹੁਤ ਢੁੱਕਵਾ ਸਮਝਿਆ। ਜਦ ਗੋਇੰਦਾ ਦੂਜੇ ਨਾਨਕ ਜੀ ਕੋਲ ਮਦਦ ਲਈ ਆਇਆ ਤਾਂ ਗੁਰੂ ਜੀ ਨੇ ਸ਼ਹਿਰ ਵਸਾਉਣ ਲਈ ਮਦਦ ਕਰਨਾ ਮੰਨ ਲਿਆ।



ਗੁਰੂ ਜੀ ਨੇ ਨਵੇਂ ਸ਼ਹਿਰ ਵਸਾਉਣ ਦੀ ਸੌਂਪਣਾ ਭਾਈ ਅਮਰਦਾਸ ਨੂੰ ਕੀਤੀ, ਜੋ ਬਾਅਦ ਵਿਚ ਤੀਜੇ ਨਾਨਕ ਬਣੇ। ਭਾਈ ਅਮਰਦਾਸ, ਜਿਵੇਂ ਕਿ ਉਹ ਜਾਣੇ ਜਾਂਦੇ ਸਨ, ਦੂਜੇ ਨਾਨਕ ਦੀ ਸੰਗਤ ਵਿਚ ੧੫੪੧ ਦੇ ਸਾਲ ਵਿਚ ਆਏ ਸਨ। ਗੁਰੂ ਜੀ ਦੇ ਕਹਿਣ ਅਨੁਸਾਰ, ਭਾਈ ਅਮਰਦਾਸ ਲੰਗਰ ਵਿਚ ਸੇਵਾ ਕਰਦੇ ਸਨ। ਗੁਰੂ ਜੀ ਨੇ ਕਿਹਾ ਕਿ ਇਸ ਸ਼ਹਿਰ ਦੇ ਸਥਾਪਤ ਹੋਣ ਤੇ ਭਾਈ ਅਮਰਦਾਸ ਆਪਣੇ ਸਾਕਾਂ ਸਬੰਧੀਆਂ ਨੂੰ ਬਾਸਰਕੇ ਤੋਂ ਇਸ ਸ਼ਹਿਰ ਵਿਚ ਲੈ ਆਉਣ। ਭਾਈ ਅਮਰਦਾਸ ਨੇ ਗੁਰੂ ਜੀ ਦਾ ਹੁਕਮ ਮੰਨ ਲਿਆ ਅਤੇ ਨਾਲ ਹੀ ਭਾਈ ਜੇਠਾ ਨੂੰ ਵੀ (ਜੋ ਬਾਅਦ ਵਿਚ ਚੌਥੇ ਨਾਨਕ ਬਣੇ) ਨਾਲ ਲੈ ਆਏ। ਭਾਈ ਜੇਠਾ ਯਤੀਮ ਸਨ ਅਤੇ ਭਾਈ ਅਮਰਦਾਸ ਦੇ ਦੂਰ ਦੇ ਰਿਸ਼ਤੇਦਾਰ ਸਨ। ਭਾਈ ਜੇਠਾ ਦੀ ਆਯੂ ਉਸ ਵੇਲੇ ੧੨ ਸਾਲ ਦੀ ਸੀ।

ਇਸ ਨਵੇਂ ਸ਼ਹਿਰ ਦਾ ਨਾਮ ‘ਗੋਇੰਦਵਾਲ’ ਰਖਿਆ ਗਿਆ। ਇਹ ਸ਼ਹਿਰ ਬਹੁਤ ਵਧਿਆ ਫੁਲਿਆ ਅਤੇ ਹੁਣ ਵੀ ਇਹ ਇਕ ਬਹੁਤ ਮਹੱਤਵ-ਪੂਰਣ ਸਿੱਖ ਕੇਂਦਰ ਮੰਨਿਆ ਜਾਂਦਾ ਹੈ। ਇਸ ਖੇਤਰ ਵਿਚ ਸਿੱਖੀ ਦੇ ਪਰਸਾਰ ਲਈ ਇਹ ਸ਼ਹਿਰ ਬਹੁਤ ਸਹਾਇਕ ਸਾਬਤ ਹੋਇਆ।

******************

# ੭. ਪ੍ਰਮਾਤਮਾਂ ਨੂੰ ਕਰਮਕਾਂਡ ਚੰਗੇ ਨਹੀਂ ਲਗਦੇ

ਦੂਜੇ ਨਾਨਕ ਦੇ ਜੀਵਨ ਨਾਲ ਇਕ ਤਪੇ ਦੀ ਕਹਾਣੀ ਸਬੰਧਤ ਹੈ। ਜੋ ਤਪ ਜਾਂ ਤਪਸਿਆ ਕਰਦਾ ਹੈ ਉਸਨੂੰ ਤਪਾ ਕਹਿੰਦੇ ਹਨ। ਤਪ ਕਰਨਾ ਹਿੰਦੂਆਂ ਦੀ ਇਕ ਧਾਰਮਿਕ ਰੀਤੀ ਹੈ। ਇਹ ਕਹਾਣੀ ਇਤਿਹਾਸਕ ਰੂਪ ਵਿਚ ਸਹੀ ਨਹੀਂ ਵੀ ਹੋ ਸਕਦੀ, ਪਰ ਇਸਦਾ ਇਕ ਢੁਕਵਾਂ ਸੰਦੇਸ਼ ਹੈ।

ਕਹਾਣੀ ਦਸਦੀ ਹੈ ਕਿ ਗੁਰੂ ਜੀ ਦੇ ਖਡੂਰ ਆਉਣ ਤੋਂ ਪਹਿਲਾਂ, ਇਕ ਤਪਾ ਉਸ ਖੇਤਰ ਵਿਚ ਰਹਿੰਦਾ ਸੀ। ਤਪਾ ਆਪਣੀ ਚਮਤਕਾਰੀ ਸ਼ਕਤੀ ਅਤੇ ਕਾਲੇ ਇਲਮ ਦੀਆਂ ਸ਼ੇਖ਼ੀਆਂ ਮਾਰ ਕੇ ਸਿੱਧੇ ਸਾਦੇ ਲੋਕਾ ਨੂੰ ਮੂਰਖ ਬਣਾਇਆ ਕਰਦਾ ਸੀ। ਲੋਕ ਜਾਂ ਤਾਂ ਡਰਦੇ ਸਨ ਕਿ ਉਹ ਉਹਨਾਂ ਦਾ ਕੋਈ ਨੁਕਸਾਨ ਕਰੇਗਾ ਜਾਂ ਝੂਠੀ ਉਮੀਦ ਕਰਦੇ ਸਨ ਕਿ ਉਹ ਸ਼ਾਇਦ ਉਹਨਾਂ ਨੂੰ ‘ਦੌਲਤ’ ਦੀ ਬਖ਼ਸ਼ਸ਼ ਕਰ ਦੇਵੇਗਾ। ਲੋਕ ਉਹਦੇ ਲਈ ਖਾਣਾ ਅਤੇ ਪੈਸੇ ਲਿਆਇਆ ਕਰਦੇ ਸਨ। ਜਦ ਗੁਰੂ ਜੀ ਉਥੇ ਆਏ ਅਤੇ ਸਦਾਚਾਰੀ ਜ਼ਿੰਦਗੀ ਸਿਖਾਣੀ ਸ਼ੁਰੂ ਕੀਤੀ, ਤਾਂ ਲੋਕ ਤਪੇ ਦੀਆਂ ਚਲਾਕੀਆਂ ਨੂੰ ਸਮਝਣ ਲਗ ਪਏ। ਉਹਨਾਂ ਨੇ ਤਪੇ ਕੋਲ ਜਾਣਾ ਬੰਦ ਕਰ ਦਿਤਾ। ਤਪੇ ਦੀ ਆਮਦਨੀ ਦਾ ਸਾਧਨ ਘਟ ਗਿਆ ਅਤੇ ਉਹ ਬੇਚੈਨ ਹੋ ਗਿਆ।

ਉਸ ਸਾਲ ਉਸ ਖੇਤਰ ਵਿਚ ਕੋਈ ਬਾਰਸ਼ ਨਾ ਹੋਈ ਅਤੇ ਫ਼ਸਲਾਂ ਸੁੱਕ ਗਈਆਂ। ਤਪੇ ਨੇ ਲੋਕਾ ਨੂੰ ਡਰਾਉਣਾ ਸ਼ੁਰੂ ਕਰ ਦਿਤਾ ਕਿ ‘ਬਾਰਸ਼ ਦਾ ਦੇਵਤਾ’ ਦੁਖੀ ਹੋ ਗਿਆ ਸੀ ਕਿਉਂਕਿ ਗੁਰੂ ਜੀ ਸਭ ਕੁਝ ਹਿੰਦੂ ਗਰੰਥਾਂ ਦੇ ਉਲਟ ਕਰ ਰਹੇ ਸਨ। ਉਸਦੀ ਦਲੀਲ ਸੀ ਕਿ ਗੁਰੂ ਜੀ ਬ੍ਰਾਹਮਣਾਂ ਅਤੇ ਸ਼ੂਦਰਾਂ ਨੂੰ ਬਰਾਬਰ ਸਮਝਦੇ ਸਨ ਅਤੇ ਇਕ ਸਾਧੂ ਹੋਣ ਦੀ ਬਜਾਏ ਉਹ ਗ੍ਰਹਸਤੀ ਜੀਵਨ ਚੰਗਾ ਸਮਝਦੇ ਸਨ। ਉਸਨੇ ਦਸਿਆ ਕਿ ਗੁਰੂ ਜੀ ਦੇ ਅਜਿਹੇ ਕੰਮ ਤਬਾਹੀ ਮਚਾਉਣ ਤੇ ਤੁੱਲੇ ਹੋਏ ਸਨ। ਉਸਨੇ ਸਲਾਹ ਦਿਤੀ ਕਿ ਉਹ ਗੁਰੂ ਜੀ ਨੂੰ ਕਹਿਣ ਕਿ ਜਾਂ ਤਾਂ ਬਾਰਸ਼ ਕਰਵਾਉਣ ਜਾਂ ਫਿਰ ਪਿੰਡ ਛੱਡ ਦੇਣ। ਉਸਨੇ ਗੁਰੂ ਜੀ ਨੇ ਪਿੰਡ ਛੱਡਣ ਤੋਂ ਬਾਦ ‘ਬਾਰਸ਼ ਦੇਵਤੇ’ ਨੂੰ ਖ਼ੁਸ਼ ਕਰਨ ਲਈ ਕੁਝ ਰੀਤੀ ਰਸਮਾ ਕਰਨ ਦਾ ਵਾਅਦਾ ਕੀਤਾ ਤਾਕਿ ਬਾਰਸ਼ ਹੋ ਸਕੇ।



ਗੁਰੂ ਜੀ ਨੇ ਤਪੇ ਦੀ ਸ਼ੈਤਾਨੀ ਜ਼ਾਹਰ ਕਰਨ ਲਈ ਪਿੰਡ ਛੱਡ ਦਿਤਾ। ਤਪੇ ਨੇ ਹਿੰਦੂ ਗਰੰਥਾਂ ਵਿਚੋਂ ਮੰਤਰਾਂ ਦਾ ਜਾਪ ਕੀਤਾ ਅਤੇ ਕਈ ਕਰਮਕਾਂਡ ਕੀਤੇ। ਪਰ ਉਹ ਬਾਰਸ਼ ਨ ਪਵਾ ਸਕਿਆ। ਲੋਕ ਉਸਦੀ ਚਲਾਕੀ ਸਮਝ ਗਏ। ਲੋਕਾ ਨੇ ਤਪੇ ਨੂੰ ਖੇਤਾਂ ਵਿਚ ਧੂਹਿਆ। ਉਹ ਬੁਰੀ ਤਰ੍ਹਾਂ ਜਖਮੀ ਹੋ ਗਿਆ। ਲੋਕਾਂ ਨੇ ਗੁਰੂ ਜੀਂ ਨੂੰ ਪਿੰਡ ਵਿਚ ਵਾਪਸ ਆ ਜਾਣ ਲਈ ਬੇਨਤੀ ਕੀਤੀ। ਗੁਰੂ ਜੀ ਵਾਪਸ ਆ ਗਏ ਅਤੇ ਲੋਕਾਂ ਨੂੰ ਸਮਝਾਇਆ ਕਿ ਕਰਮਕਾਂਡ ਪ੍ਰਮਾਤਮਾਂ ਨੂੰ ਖ਼ੁਸ ਨਹੀਂ ਕਰ ਸਕਦੇ। ਗੁਰੂ ਜੀ ਨੇ ਲੋਕਾਂ ਨੂੰ ਨਸੀਹਤ ਕੀਤੀ ਕਿ ਕਰਮਕਾਂਡ ਦੇ ਭੁਲੇਖੇ ਵਿਚ ਨਹੀਂ ਪੈਣਾ ਚਾਹੀਦਾ। ਗੁਰੂ ਜੀ ਨੇ ਇਹ ਵੀ ਦਸਿਆ ਕਿ ਤਪੇ ਨੂੰ ਸਜ਼ਾ ਦੇਣ ਦੀ ਬਜਾਏ ਤਪੇ ਨੂੰ ਸਗੋਂ ਉਸਦੀਆਂ ਗਲਤੀਆਂ ਦਸਕੇ ਉਸਨੂੰ ਮੁਆਫ਼ ਕਰ ਦੇਣਾ ਚਾਹੀਦਾ ਹੈ।

*******************

# ੮. ਸਦਾਚਾਰੀ ਗੁਣਾਂ ਦੀ ਮਹੱਤਤਾ

ਇਹ ਕਹਾਣੀ ਇਕ ਅਮੀਰ ਆਦਮੀ ਦੀ ਹੈ ਜਿਸਦਾ ਦੂਜੇ ਨਾਨਕ ਦੇ ਜੀਵਨ ਨਾਲ ਸਬੰਧ ਹੈ। ਇਹ ਕਹਾਣੀ ਇੰਨ ਬਿੰਨ ਭਾਵੇਂ ਸੱਚੀ ਨਾ ਹੋਵੇ ਪਰ ਇਸਦਾ ਸੰਦੇਸ਼ ਬਹੁਤ ਕੀਮਤੀ ਹੈ।

ਇਹ ਕਹਾਣੀ ਦਸਦੀ ਹੈ ਕਿ ਜਦ ਦੂਜੇ ਨਾਨਕ ਨੇ ਹਰੀਕੇ ਪਿੰਡ ਦਾ ਦੌਰਾ ਕੀਤਾ ਤਾਂ ਬਹੁਤ ਲੋਕ ਗੁਰੂ ਜੀ ਦੇ ਆਧਿਆਤਮਿਕ ਸਿਖਿਆ ਸੁਣਨ ਲਈ ਆਏ। ਉਹਨਾਂ ਵਿਚ ਇਕ ਅਮੀਰ ਆਦਮੀ ਸੀ। ਉਹ ੭੨ ਪਿੰਡਾਂ ਦਾ ਮਾਲਕ ਸੀ ਅਤੇ ਆਪਣੇ ਆਪ ਨੂੰ ਸਥਾਨਕ ਮੁਖੀ ਸਮਝਦਾ ਸੀ। ਉਸਨੇ ਦੂਜੇ ਨਾਨਕ ਨੂੰ ਇਕ ਤਖਤਪੋਸ਼ ਤੇ ਬੈਠਿਆਂ ਦੇਖਿਆ ਜਦ ਕਿ ਸਰੋਤੇ ਇਕ ਦਰੀ ਤੇ ਬੈਠੇ ਸਨ। ਉਹ ਅਮੀਰ ਆਦਮੀ ਲੋਕਾਂ ਦੇ ਨਾਲ ਨਾ ਬੈਠਾ। ਉਹ ਸਿੱਧਾ ਹੀ ਤਖਤਪੋਸ਼ ਵੱਲ ਗਿਆ ਅਤੇ ਗੁਰੂ ਜੀ ਦੇ ਕੋਲ ਬੈਠ ਗਿਆ।

ਜਦ ਗੁਰੂ ਜੀ ਨੇ ਗੁਰਬਾਣੀ ਦੀ ਕਥਾ ਦਾ ਵਿਖਿਆਨ ਸ਼ੁਰੂ ਕੀਤਾ ਤਾਂ ਉਹ ਅਮੀਰ ਆਦਮੀ ਬਹੁਤ ਪ੍ਰਭਾਵਤ ਹੋਇਆ। ਉਸਨੇ ਪਹਿਲਾਂ ਕਦੇ ਵੀ ਅਜਿਹੇ ਗੁਣ ਭਰਪੂਰ ਸ਼ਬਦ ਨਹੀਂ ਸੁਣੇ ਸਨ। ਦੂਜੇ ਨਾਨਕ ਦੀਆਂ ਸਿਖਿਆਵਾਂ ਤੋਂ ਇਹ ਜਾਣਿਆ ਕਿ ਦੌਲਤ ਨਹੀਂ, ਬਲਕਿ ਵਿਅੱਕਤੀ ਦੀ ਨਿਰਮਾਣਤਾ, ਸਤਿਕਾਰ ਸਹਿਤ ਗਲਬਾਤ, ਨਿਮਰਤਾ, ਸੁੱਘੜ ਸਿਆਣਪ ਅਤੇ ਦਰਿਆ-ਦਿਲੀ ਹੀ ਕਿਸੇ ਵਿਅੱਕਤੀ ਨੂੰ ਮਹਾਨ ਬਣਾਉਂਦੇ ਹਨ।




ਉਸਨੇ ਇਹ ਵੀ ਸਮਝ ਲਿਆ ਕਿ ਲੋਕ ਉਸ ਪ੍ਰਤੀ ਸਤਿਕਾਰ ਦਾ ਦਿਖਾਵਾ ਕਰਦੇ ਸਨ, ਪਰ ਇਹ ਸਭ ਕੁਝ ਉਸਦੀ ਦੌਲਤ ਕਰਕੇ ਹੀ ਸੀ ਨ ਕੀ ਉਸਦਾ ਵਿਅੱਕਤੀਗਤ ਸਤਿਕਾਰ ਸੀ। ਉਸ ਨੇ ਉਸੇ ਵੇਲੇ ਸਮਝ ਲਿਆ ਕਿ ਇਕ ਵਿਅੱਕਤੀ ਨੂੰ ਉਸਦੀਆਂ ਚੰਗਿਆਈਆਂ ਅਤੇ ਵਿਵਹਾਰ ਕਾਰਨ ਹੀ ਸਤਿਕਾਰ ਮਿਲਦਾ ਹੈ। ਉਹ ਤਖਤਪੋਸ਼ ਤੋਂ ਹੇਠਾਂ ਉੱਤਰ ਆਇਆ ਅਤੇ ਸੰਗਤ ਨਾਲ ਦਰੀ ਤੇ ਬੈਠ ਗਿਆ।

ਗੁਰੂ ਜੀ ਦੇ ਵਿਖਿਆਨ ਤੋਂ ਉਸਨੇ ਇਹ ਸਿਖਿਆ ਕਿ ਦੁਨਿਆਵੀ ਦੌਲਤ ਨਾਲੋਂ ਆਤਮਿਕ ਅਮੀਰੀ


ਬਹੁਤ ਹੱਦ ਤੱਕ ਚੰਗੀ ਹੈ। ਉਸ ਅਮੀਰ ਆਦਮੀ ਨੇ ਸਦਾਚਾਰੀ ਗੁਣ ਇਕਠੇ ਕਰਨੇ ਸ਼ੁਰੂ ਕਰ ਦਿਤੇ ਜੋ ਉਸਨੇ ਗੁਰੂ ਜੀ ਪਾਸੋਂ ਸਿਖੇ ਸੀ। ਦੂਜਿਆਂ ਪ੍ਰਤੀ ਉਸਦਾ ਵਤੀਰਾ ਅਤੇ ਵਿਵਹਾਰ ਬਹੁਤ ਹੱਦ ਤੱਕ ਬਦਲ ਗਿਆ। ਬਹੁਤ ਛੇਤੀ ਹੀ, ਲੋਕ ਉਸਦੇ ਗੁਣਾਂ ਬਾਰੇ ਗੱਲਾ ਕਰਨ ਲੱਗ ਪਏ। ਉਸਨੇ ਲੋਕਾਂ ਦਾ ਅਸਲੀ ਸਤਿਕਾਰ ਹਾਸਲ ਕਰ ਲਿਆ।

*******************

# ੯. ਪ੍ਰਮਾਤਮਾਂ ਦੀ ਰਜ਼ਾ ਵਿਚ ਰਾਜ਼ੀ ਰਹੋ

ਦੂਜੇ ਨਾਨਕ ਦੇ ਜੀਵਨ ਨਾਲ ਸਬੰਧਤ ਭਾਈ ਜੀਵਾ ਦੀ ਇਕ ਕਹਾਣੀ ਹੈ। ਭਾਈ ਜੀਵਾ ਲੰਗਰ ਵਿਚ ਸੇਵਾ ਕਰਿਆ ਕਰਦਾ ਸੀ। ਇਕ ਵਾਰ ਘਨਘੋਰ ਤੂਫ਼ਾਨ ਕਾਰਨ, ਉਹ ਲੰਗਰ ਵਿਚ ਖਾਣਾ ਤਿਆਰ ਨਾ ਕਰ ਸਕਿਆ। ਉਹ ਬਹੁਤ ਪਰੇਸ਼ਾਨ ਹੋਇਆ ਅਤੇ ਇਸ ਬਾਰੇ ਗੁਰੂ ਜੀ ਨੂੰ ਸ਼ਿਕਾਇਤ ਕੀਤੀ। ਉਹ ਗੁਰੂ ਜੀ ਪਾਸੋਂ ਕਿਸੇ "ਬਖ਼ਸ਼ਸ਼" ਦੀ ਉਮੀਦ ਕਰ ਰਿਹਾ ਸੀ ਕਿ ਭਵਿਖਤ ਵਿਚ ਸੰਗਤ ਲਈ ਲੰਗਰ ਤਿਆਰ ਕਰਨ ਵਿਚ ਕੋਈ ਤੂਫ਼ਾਨ ਉਸ ਲਈ ਰੁਕਾਵਟ ਨ ਬਣੇ।

ਗੁਰੂ ਜੀ ਨੇ ਉਸਨੂੰ ਦਸਿਆ ਕਿ ਹਰ ਕਿਸੇ ਨੂੰ ਪ੍ਰਮਾਤਮਾ ਦੀ ਰਜ਼ਾ ਵਿਚ ਹਮੇਸ਼ਾ ਰਾਜ਼ੀ (ਹੁਕਮ ਰਜਾਈ ਚਲਣਾ) ਰਹਿਣਾ ਚਾਹੀਦਾ ਹੈ। ਧਾਰਮਿਕ ਵਿਅੱਕਤੀਆਂ (ਸੰਤਾਂ) ਪਾਸੋਂ "ਬਖ਼ਸ਼ਸ਼ਾਂ" ਲੱਭਣ ਨਾਲ ਪ੍ਰਮਾਤਮਾਂ ਦੀ ਰਜ਼ਾ ਵਿਚ ਦਖਲ ਦੇਣਾ ਗਲਤ ਹੈ। ਗੁਰੂ ਜੀ ਨੇ ਦਸਿਆ ਕਿ ਮਨੁੱਖੀ ਜੀਵ ਅਤੇ ਪ੍ਰਮਾਤਮਾ ਦੇ ਰਿਸ਼ਤੇ ਨੂੰ ਪ੍ਰੇਮੀ-ਪ੍ਰੇਮਕਾ ਦਾ ਰਿਸ਼ਤਾ ਸਮਝਣਾ ਚਾਹੀਦਾ ਹੈ। ਅਜਿਹਾ ਸੱਚਾ ਰਿਸ਼ਤਾ ਬਨਾਉਣ ਲਈ ਪ੍ਰੇਮਕਾ (ਮਨੁੱਖੀ ਜੀਵ) ਨੂੰ ਪ੍ਰੇਮੀ (ਪ੍ਰਮਾਤਮਾ) ਦੇ ਸੁਭਾਓ ਨੂੰ ਸਮਝਣਾ ਚਾਹੀਦਾ ਹੈ ਅਤੇ ਉਸੇਤਰ੍ਹਾਂ ਵਿਵਹਾਰ ਕਰਨਾ ਚਾਹੀਦਾ ਹੈ। ਜੇ ਕੋਈ ਇਸਦੇ ਉਲਟ ਵਿਵਹਾਰ ਕਰਦਾ ਹੈ ਅਤੇ ਪ੍ਰਮਾਤਮਾਂ ਦੀ ਰਜ਼ਾ ਨੂੰ ਨਹੀਂ ਮੰਨਦਾ, ਤਾਂ ਉਹ ਅਧਿਆਤਮਿਕ ਤੌਰ ਤੇ ਗਿਆਨਵਾਨ ਵਿਅੱਕਤੀ ਨਹੀਂ ਬਣ ਸਕਦਾ। ਤੀਰਥ ਯਾਤਰਾਵਾਂ ਤੇ ਜਾਣ ਦਾ, ਰਸਮਾਂ ਰਿਵਾਜਾ ਵਿਚ ਉਲਝਣ ਦਾ, ਦੂਜਿਆਂ ਨਾਲ ਬਹਿਸ ਕਰਨ ਲਈ ਧਾਰਮਿਕ ਗਰੰਥਾਂ ਦੇ ਪੜ੍ਹਨ ਦਾ ਜਾਂ ਦਿਖਾਵੇ ਦੇ ਤੌਰ ਤੇ ਧਾਰਮਿਕਪੁਣਾ ਦਿਖਾਉਣ ਲਈ ਚੜ੍ਹਾਵੇ ਦੇਣ ਦਾ ਕੋਈ ਲਾਭ ਨਹੀਂ। ਇਸਦੀ ਬਜਾਏ, ਹਰ ਕਿਸੇ ਨੂੰ ਪ੍ਰਮਾਤਮਾ ਦੀ ਰਜ਼ਾ ਨੂੰ ਸਮਝਨਾ ਚਾਹੀਦਾ ਹੈ ਅਤੇ ਹਮੇਸ਼ਾ ਹੀ ਇਸਨੂੰ ਦਿਲੋਂ ਮੰਨਣਾ ਚਾਹੀਦਾ ਹੈ। ਪ੍ਰਮਾਤਮਾਂ ਸਾਡਾ ਸ਼ੁਭ-ਚਿੰਤਕ ਹੈ ਅਤੇ ਬਖ਼ਸ਼ਣਹਾਰ ਹੈ। ਉਸਦਾ 'ਹੁਕਮ' ਸਾਰੀ ਰਚਨਾ ਲਈ ਲਾਭਦਾਇਕ ਹੈ। ਵਿਅੱਕਤੀ ਨੂੰ ਹਰ ਹਾਲਾਤ ਵਿਚ ਉਸਦੀ ਰਜ਼ਾ ਵਿਚ ਰਾਜ਼ੀ ਰਹਿਣਾ ਚਾਹੀਦਾ ਹੈ।




ਦੂਜੇ ਨਾਨਕ ਦਾ ਹੇਠ ਲਿਖਿਆ ਸ਼ਬਦ ਇਸ ਵਿਸ਼ੇ ਤੇ ਸੰਦੇਸ਼ਮਈ ਹੈ:

> ਏਹ ਕਿਨੇਹੀ ਆਸਕੀ ਦੂਜੈ ਲਗੈ ਜਾਇ॥
> ਨਾਨਕ ਆਸਕੁ ਕਾਂਢੀਐ ਸਦ ਹੀ ਰਹੈ ਸਮਾਇ॥

ਚੰਗੈ ਚੰਗਾ ਕਰਿ ਮੰਨੇ ਮੰਦੈ ਮੰਦਾ ਹੋਇ॥
ਆਸਕੁ ਏਹੁ ਨ ਆਖੀਐ ਜਿ ਲੇਖੈ ਵਰਤੈ ਸੋਇ॥੧॥ ਸਲੋਕੁ ਮਹਲਾ ੨ ਅੰਗ ੪੭੪

**ਅਰਥ:** ਜੇ ਕੋਈ ਪ੍ਰੇਮੀ ਜੀਊੜਾ ਆਪਣੇ ਪਿਆਰੇ ਤੋਂ ਬਿਨਾ ਕਿਸੇ ਹੋਰ ਵਿਚ ਭੀ ਚਿੱਤ ਜੋੜ ਲਏ, ਤਾਂ ਉਸ ਦੇ ਇਸ਼ਕ ਨੂੰ ਸੱਚਾ ਇਸ਼ਕ ਨਹੀਂ ਆਖਿਆ ਜਾ ਸਕਦਾ। ਹੇ ਨਾਨਕ! ਉਹੀ ਮਨੁੱਖ ਸੱਚਾ ਆਸ਼ਕ ਕਿਹਾ ਜਾ ਸਕਦਾ ਹੈ ਜੋ ਹਰ ਵੇਲੇ ਆਪਣੇ ਹੀ ਪ੍ਰੀਤਮ ਦੀ ਯਾਦ ਵਿਚ ਡੁੱਬਾ ਰਹੇ। ਆਪਣੇ ਪਿਆਰੇ ਵਲੋਂ ਹੋਏ ਕਿਸੇ ਚੰਗੇ ਕੰਮ ਨੂੰ ਤੱਕ ਕੇ ਆਖੇ ਕਿ ਇਹ ਚੰਗਾ ਕੰਮ ਹੈ, ਪਰ ਮਾੜੇ ਕੰਮ ਨੂੰ ਵੇਖ ਕੇ ਆਖੇ ਕਿ ਇਹ ਮਾੜਾ ਕੰਮ ਹੈ। ਭਾਵ, ਆਪਣੇ ਵਲੋਂ ਆਏ ਕਿਸੇ ਸੁਖ ਨੂੰ ਤਾਂ ਹੱਸ ਕੇ ਕਬੂਲ ਕਰੇ, ਪਰ ਦੁੱਖ ਨੂੰ ਵੇਖ ਕੇ ਘਾਬਰ ਜਾਏ ਉਹ ਮਨੁੱਖ ਭੀ, ਹੇ ਨਾਨਕ! ਸੱਚਾ ਆਸ਼ਕ ਨਹੀਂ ਕਿਹਾ ਜਾ ਸਕਦਾ, ਕਿਉਂਕਿ ਉਹ ਲੇਖੇ ਗਿਣ ਗਿਣ ਕੇ ਪਿਆਰ ਦੀ ਸਾਂਝ ਬਣਾਂਦਾ ਹੈ।1

*******************

# ੧੦. ਦੂਜੇ ਨਾਨਕ ਦੇ ਮਹੱਤਵ-ਪੂਰਨ ਯੋਗਦਾਨ

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਜੀ ਵਲੋਂ ਗੁਰੂ ਅੰਗਦ ਜੀ ਨੂੰ ਦੂਸਰਾ ਨਾਨਕ ਸਥਾਪਨ ਕਰਨਾ ਸਿੱਖੀ ਦੇ ਵਿਕਾਸ ਲਈ ਬਹੁਤ ਦੂਰ-ਦ੍ਰਿਸ਼ਟਤਾ ਵਾਲੀ ਮਹੱਤਵ-ਪੂਰਨ ਘਟਨਾ ਸੀ। ਗੁਰੂ ਨਾਨਕ ਜੀ ਵਲੋਂ ਚਲਾਏ ਅਤੇ ਗੁਰੂ ਅੰਗਦ ਜੀ ਅਤੇ ਮਾਤਾ ਖੀਵੀ ਜੀ (ਗੁਰੂ ਅੰਗਦ ਜੀ ਦੀ ਪਤਨੀ) ਰਾਹੀਂ ਇਹ ਕਾਰਜ ਜਾਰੀ ਰਖੇ ਅਤੇ ਦ੍ਰਿੜਤਾ ਸਹਿਤ ਦੁਹਰਾਏ ਗਏ। ਦੂਜੇ ਨਾਨਕ ਨੇ ਆਪਣੇ ਮਹਾਨ ਪੂਰਵਜ (ਗੁਰੂ ਨਾਨਕ) ਦੀ ਭਾਵਨਾ ਨੂੰ ਮੂਰਤੀਮਾਨ ਕੀਤਾ ਅਤੇ ਇਕ ਨਵੇਂ ਧਰਮ ਦੇ ਨਿਰੰਤਰ ਵਿਕਾਸ ਲਈ ਆਪਣੀ ਮੇਹਨਤ ਅਤੇ ਵਿਸ਼ਵ ਦ੍ਰਿਸ਼ਟੀ ਦੁਆਰਾ ਵਿਕਸਿਤ ਕੀਤਾ।

ਦੂਜੇ ਨਾਨਕ ਵਜੋਂ, ਗੁਰੂ ਅੰਗਦ ਜੀ ਨੇ ਸਿੱਖੀ ਨੂੰ ਸ਼ਕਤੀਸ਼ਾਲੀ ਬਨਾਉਣ ਲਈ ਅਤੇ ਚਲਦਾ ਰਖਣ ਲਈ ਕਈ ਮਹੱਤਵ-ਪੂਰਣ ਯੋਗਦਾਨ ਪ੍ਰਦਾਨ ਕੀਤੇ। ਚਾਰ ਮੁੱਖ ਖੇਤਰਾਂ ਵਿਚ ਆਪ ਜੀ ਦੇ ਯੋਗਦਾਨ ਇਸਤਰ੍ਹਾਂ ਹਨ:

**ਗੁਰਮੁਖੀ ਲਿਖਤ ਅਤੇ ਸਿਖਿਆ:** ਇਕ ਸਧਾਰਨ ਅਤੇ ਬੁਨਿਆਦੀ ਪੰਜਾਬੀ ਵਰਣਮਾਲਾ ਵਾਲੀ ਲਿਖਤ ਗੁਰੂ ਨਾਨਕ ਜੀ ਵੇਲੇ ਪ੍ਰਚਲਿਤ ਸੀ। ਉਸ ਵੇਲੇ, ਪੰਜਾਬੀ ਭਾਸ਼ਾ ਨੂੰ ਲੰਡੇ ਜਾਂ ਮਹਾਜਨੀ ਲਿਪੀ ਵਿਚ ਲਿਖਿਆ ਜਾਂਦਾ ਸੀ। ਇਸ ਲਿੱਪੀ ਵਿਚ ਸਵਰ ਬੋਲਾਂ ਲਈ ਕੋਈ ਚਿੰਨ੍ਹ ਨਹੀਂ ਸਨ ਅਤੇ ਉਹਨਾਂ ਦਾ ਅੰਦਾਜ਼ਾ ਪਾਠਕ ਹੀ ਕਰਦਾ ਸੀ ਤਾਕਿ ਲੇਖਣੀ ਦਾ ਸਹੀ ਅੰਕਣ ਕੀਤਾ ਜਾ ਸਕੇ।

ਇਸ ਲਈ ਇਕ ਐਸੀ ਲਿੱਪੀ ਦੀ ਜ਼ਰੂਰਤ ਸੀ ਜਿਸ ਅਨੁਸਾਰ ਸਾਰੀਆਂ ਰਚਨਾਵਾਂ ਦੀਆਂ ਆਵਾਜ਼ਾਂ ਦਾ ਸਹੀ ਰੂਪ ਵਿਚ ਅੰਕਣ ਹੋ ਸਕੇ ਜੋ ਗੁਰੂ ਨਾਨਕ ਜੀ ਆਪਣੀ ਪੋਥੀ ਵਿਚ ਲਿਖ ਗਏ ਸਨ। ਇਹੀ ਪੋਥੀ ਬਾਅਦ ਵਿਚ ਦੂਜੇ ਨਾਨਕ ਨੂੰ ਸੌਂਪ ਦਿਤੀ ਗਈ ਸੀ। ੧੫੪੧ ਈਸਵੀ ਵਿਚ ਦੂਜੇ ਨਾਨਕ ਨੇ ਸਥਾਨਕ ਪੰਜਾਬੀ ਲਿੱਪੀ ਨੂੰ ਸੰਵਾਰਿਆ ਤਾਕਿ ਸਥਾਨਕ ਤੌਰ ਤੇ ਬੋਲੀ ਜਾਂਦੀ ਪੰਜਾਬੀ ਅਨੁਸਾਰ ਗੁਰਬਾਣੀ ਦਾ ਸ਼ੁਧ ਭਾਵ ਅਤੇ ਸੰਦੇਸ਼ ਮਿਲ ਸਕੇ। ਕੋਈ ਵੀ ਪਾਠਕ ਤਬਦੀਲੀ ਕਰਕੇ ਆਪਣੇ ਮੰਤਵ ਜਾਂ ਪੱਖਪਾਤ ਅਨੁਸਾਰ ਗਲਤ ਅਰਥ ਨਾ ਕਰ ਸਕੇ। ਇਹ ਪੂਰਨ ਲਿੱਪੀ, ਧੁਨੀ ਚਿੰਨ੍ਹਾਂ ਸਮੇਤ, ਗੁਰਮੁਖੀ ਲਿੱਪੀ ਬਣ ਗਈ।

ਗੁਰੂ ਨਾਨਕ ਜੀ ਨੇ ਆਪਣੀਆਂ ਰਚਨਾਵਾਂ ਲਿਖਣ ਲਈ ਗੁਰਮੁਖੀ ਲਿੱਪੀ ਦਾ ਪਹਿਲਾ ਰੂਪ ਵਰਤਿਆ ਸੀ। ਸ਼ੰਸ਼ੋਧਤ ਗੁਰਮੁਖੀ ਨਾਲ ਗੁਰੂ ਨਾਨਕ ਜੀ ਅਤੇ ਦੂਜੇ ਨਾਨਕ ਦੀਆਂ ਰਚਨਾਵਾ ਦਾ ਸਹੀ ਰੂਪ ਅੰਕਿਤ ਹੋਇਆ। ਇਸਤਰ੍ਹਾਂ ਸ਼ੰਸ਼ੋਧਤ ਲਿੱਪੀ ਨਾਲ ਸੁਚੱਜਤਾ ਸਹਿਤ ਲੋੜੀਂਦਾ ਮੰਤਵ ਹੱਲ ਹੋ ਗਿਆ। ਇਸਤਰ੍ਹਾਂ ਕਰਨ ਨਾਲ ਹਮੇਸ਼ਾਂ ਲਈ ਗੁਰਬਾਣੀ ਦਾ ਸੱਚਾ ਸੁੱਚਾ ਅਤੇ ਮੂਲ ਰੂਪ ਬਣਿਆ ਰਿਹਾ ਹੈ।


ਦੂਜੇ ਨਾਨਕ ਨੇ ਬਚਿਆਂ, ਬਾਲਗਾਂ, ਆਮ ਲੋਕਾਂ, ਗਰੀਬ ਅਤੇ ਪਛੜੇ ਹੋਏ ਲੋਕਾਂ ਨੂੰ ਪੜ੍ਹਾਉਣ ਲਈ ਇਸ ਸ਼ੰਸ਼ੋਧਤ ਗੁਰਮੁਖੀ ਲਿੱਪੀ ਨੂੰ ਵਰਤਿਆ। ਇਸਤਰ੍ਹਾਂ ਆਮ ਲੋਕਾ ਨੂੰ ਗਲਬਾਤ ਦੇ ਸਾਧਨ ਲਈ ਸਿਖਿਆ ਦੇ ਕੇ ਗੁਰੂ ਅੰਗਦ ਜੀ ਨੇ ਯਕੀਨਨ ਬਣਾਇਆ ਕਿ ਉਹ ਹੁਣ ਧਾਰਮਿਕ ਜਾਂ ਸਿਆਸੀ ਸਥਾਪਨਾਵਾਂ ਵਿਚ ਆਰਥਿਕ, ਵਿਦਿਆ-ਪੜ੍ਹਾਈ ਅਤੇ ਅਧਿਆਤਮਿਕ ਮੰਤਵਾਂ ਲਈ ਕਿਸੇ ਤੇ ਵੀ ਨਿਰਭਰ ਨਾਂ ਹੋਣ। ਲੋਕਾਂ ਦੇ ਸ਼ਕਤੀਕਰਣ ਲਈ ਇਹ ਇਕ ਤਰੀਕਾ ਸੀ ਤਾਕਿ ਉਹ ਆਪਣੇ ਜੀਵਨ ਵਿਚ ਨਿੱਜੀ ਮੰਤਵ ਹਾਸਲ ਕਰ ਸਕਣ।

ਗੁਰਮੁਖੀ ਲਿੱਪੀ ਦੇ ਵਿਕਾਸ ਨਾਲ ਸ਼ੁਰੂ ਵਾਲੀ ਸਿੱਖ ਬਰਾਦਰੀ ਨੂੰ ਆਮ ਪਸਰੀਆਂ ਹੋਈਆਂ ਪ੍ਰਚਲਤ ਹਿੰਦੂ ਧਾਰਮਿਕ ਰਵਾਇਤਾਂ ਤੋਂ ਅਲੱਗ ਹੋਣ ਵਿਚ ਬਹੁਤ ਮਦਦ ਮਿਲੀ। ਉਹਨਾਂ ਸਮਿਆਂ ਵਿਚ,

ਸੰਸਕ੍ਰਿਤ ਭਾਸ਼ਾ ਦੀ ਆਮ ਵਰਤੋਂ ਬ੍ਰਾਹਮਣ ਕਰਦੇ ਸਨ ਕਿਉਂਕਿ ਇਹ ਵੇਦਾਂ (ਧਾਰਮਿਕ ਗਰੰਥਾਂ) ਦੀ ਭਾਸ਼ਾ ਸੀ। ਨੀਵੀਂ ਜਾਤੀ ਦੇ ਅਖਵਾਉਣ ਵਾਲੇ ਦਲਿਤ ਲੋਕਾਂ ਨੂੰ ਅਧਿਆਤਮਿਕ ਸਾਹਿਤ ਪੜ੍ਹਨ ਦੀ ਮਨਾਹੀ ਸੀ। ਭਾਸ਼ਾ ਪ੍ਰਤੀ ਅਜਿਹੀ ਰੋਕ ਨੇ ਬ੍ਰਾਹਮਣਾਂ ਨੂੰ ਆਪਣੇ ਕਥਿਤ ਉਚ-ਸਤਰ ਨੂੰ ਬਣਾਏ ਰਖਣ ਵਿਚ ਸਹਾਇਤਾ ਮਿਲ ਰਹੀ ਸੀ। ਇਸ ਵਿਕਾਸ ਨਾਲ ਅਤੇ ਪੜ੍ਹੇ ਲਿਖੇ ਪੰਜਾਬੀਆ ਵਲੋਂ ਪੰਜਾਬੀ ਦੀ ਵਧਦੀ ਵਰਤੋਂ ਹੋਣਾ ਇਸ ਬੇ-ਨਿਯਮੇਂ ਪੱਖਪਾਤੀ ਵਿਵਹਾਰ ਪ੍ਰਤੀ ਵੰਗਾਰ ਬਣ ਗਈ। ਇਸ ਨਾਲ ਸਿੱਖਾਂ ਨੂੰ ਆਪਣੀਆ ਅਧਿਆਤਮਿਕ ਲਿਖਤਾਂ ਦੀ ਰਚਨਾ, ਇਕ ਦੂਜੇ ਨਾਲ ਵਰਤੋਂ ਕਰਨ ਅਤੇ ਆਪਣੇ ਗੈਰ-ਪੱਖਪਾਤੀ ਅਧਿਆਤਮਿਕ ਰਚਨਾਵਾ ਤੱਕ ਪਹੁੰਚ ਕਰਨ ਵਿਚ ਮਦਦ ਮਿਲੀ ਕਿਉਂਕਿ ਉਹਨਾਂ ਨੂੰ ਹੁਣ ਹਿੰਦੂ ਗਰੰਥਾਂ ਅਤੇ ਉਹਨਾਂ ਦੀ ਸ਼ਬਦਾਵਲੀ ਤੇ ਨਿਰਭਰ ਨਹੀਂ ਸੀ ਹੋਣਾ ਪੈਂਦਾ।

ਗੁਰਮੁਖੀ ਦੀ ਨਵੀਂ ਲਿੱਪੀ ਦੀ ਰਚਨਾ ਹੋਣਾ ਕਈ ਕਾਰਨਾਂ ਕਰਕੇ ਇਕ ਕ੍ਰਾਂਤੀਕਾਰੀ ਕਦਮ ਸੀ। ਇਸਤਰ੍ਹਾਂ ਪੰਜਾਬੀ ਬੋਲਣ ਵਾਲੇ ਲੋਕਾ ਨੂੰ ਉਹਨਾਂ ਦੀ ਆਪਣੀ ਇਕ ਵੱਖਰੀ ਪਹਿਚਾਣ ਮਿਲੀ ਕਿਉਂਕਿ ਉਹ ਬਿਨਾਂ ਕਿਸੇ ਭਾਸ਼ਾਈ ਬੰਦਿਸ਼ ਦੇ ਆਪਣੇ ਵਿਚਾਰਾਂ ਨੂੰ ਪ੍ਰਗਟ ਕਰ ਸਕਦੇ ਸਨ। ਦੂਜੇ ਨਾਨਕ ਆਮ ਲੋਕਾਂ ਨੂੰ ਗੁਰੂ ਨਾਨਕ ਜੀ ਅਤੇ ਆਪਣੀਆ ਰਚਨਾਵਾਂ ਦਾ ਸੱਚਾ ਸੁਚਾ ਸੰਦੇਸ਼ ਦੇ ਸਕਦੇ ਸਨ, ਜੋ ਸ਼ੰਸ਼ੋਧਤ ਗੁਰਮੁਖੀ ਲਿੱਪੀ ਵਿਚ ਲਿਖੀਆਂ ਸਨ।

**ਸਰੀਰਕ ਤੰਦਰੁਸਤੀ:** ਦੂਜੇ ਨਾਨਕ ਨੇ ਲੋਕਾਂ ਨੂੰ ਤੰਦਰੁਸਤ ਜੀਵਨ ਜੀਉਣ ਲਈ ਵੀ ਉਤਸ਼ਾਹਤ ਕੀਤਾ। ਉਹਨਾਂ ਨੇ ਲੋਕਾਂ ਨੂੰ ਦਸਿਆ ਕਿ ਸਰੀਰਕ ਤੰਦਰੁਸਤੀ ਉਹਨਾਂ ਨੂੰ ਜੀਵਨ ਵਿਚ ਉਚਤਰ ਨਿਸ਼ਾਨੇ ਹਾਸਲ ਕਰਨ ਵਿਚ ਮਦਦ ਕਰੇਗੀ। ਉਹ ਸਰੀਰਕ ਤੰਦਰੁਸਤੀ ਵਿਚ ਬਹੁਤ ਦਿਲਚਸਪੀ ਲੈਂਦੇ ਸਨ ਅਤੇ ਆਪਣੇ ਸੇਵਕਾਂ ਨੂੰ ਸਵੇਰ ਦੇ ਪੂਜਾ ਪਾਠ ਤੋਂ ਬਾਅਦ ਖੇਡਾਂ ਵਿਚ ਹਿੱਸਾ ਲੈਣ ਲਈ ਉਤਸ਼ਾਹਤ ਕਰਿਆ ਕਰਦੇ ਸਨ। ਉਹ ਲੋਕਾਂ ਨੂੰ ਸਰੀਰਕ ਮੁਕਾਬਲਿਆਂ ਵਿਚ ਹਿੱਸਾ ਲੈਣ ਲਈ ਮੱਲ ਅਖਾੜੇ ਵਿਚ ਘੋਲ ਕਰਨ ਵਿਚ ਹਿੱਸਾ ਲੈਣ ਲਈ ਉਤਸ਼ਾਹਤ ਕਰਦੇ ਸਨ। "ਨੀਵੀਂ" ਜਾਤੀ ਦੇ ਲੋਕਾਂ ਨਾਲ ਬੰਦਸ਼ ਨੂੰ ਦੂਰ ਕਰਨ ਲਈ ਇਹ ਇਕ ਤਰੀਕਾ ਸੀ ਜੋ ਉਹਨਾਂ ਨੂੰ "ਉਚ ਹਾਤੀ" ਦੇ ਲੋਕਾ ਨਾਲ ਸਰੀਰਕ ਸਾਂਝ ਰਖਣ ਦੀ ਆਗਿਆ ਨਹੀਂ ਦਿੰਦੇ ਸਨ। ਇਸ ਤਰੀਕੇ ਨਾਲ, ਦੂਜੇ ਨਾਨਕ ਨੇ ਗੁਰੂ ਨਾਨਕ ਜੀ ਦੀ ਦਸੀ ਨੀਂਹ ਤੇ ਉਸਾਰੀ ਕੀਤੀ ਅਤੇ ਇਕ ਅਧਿਆਤਮਿਕ ਅਤੇ ਪੜ੍ਹੀ ਲਿਖੀ ਤੰਦਰੁਸਤ ਸਿੱਖ ਬਰਾਦਰੀ ਦਾ ਵਿਕਾਸ ਕੀਤਾ ਜਿਹਨਾਂ ਵਿਚ ਕਿਸੇ ਜਾਤ ਪਾਤ ਜਾਂ ਧਰਮ ਦਾ ਕੋਈ ਫਰਕ ਨਹੀਂ ਸੀ।



**ਔਰਤਾਂ ਦੇ ਕਰਤਵ ਅਤੇ ਅਵਸਥਾ:** ਗੁਰੂ ਨਾਨਕ ਜੀ ਅਤੇ ਦੂਜੇ ਨਾਨਕ ਦੇ ਸਮੇਂ ਭਾਰਤ ਵਿਚ ਔਰਤਾ ਦਾ ਸਥਾਨ ਬਹੁਤ ਦੁਖਦਾਇਕ ਸੀ। ਔਰਤ ਨੂੰ ਮਰਦ ਦੇ ਮੁਕਾਬਲੇ ਘਟੀਆ ਅਤੇ ਇਕ ਲੁਭਾਵਣੀ ਵਸਤੂ ਸਮਝਦਿਆ ਘਰ ਵਿਚ ਹੀ ਸੀਮਤ ਰਖਿਆ ਜਾਂਦਾ ਸੀ। ਔਰਤਾਂ ਨੂੰ ਜਨ ਸਾਧਾਰਨ ਜੀਵਨ ਵਿਚ ਹਿੱਸਾ ਲੈਣ ਦੀ ਆਗਿਆ ਨਹੀਂ ਸੀ। ਗੁਰੂ ਨਾਨਕ ਜੀ ਨੇ ਪਰਚਾਰ ਕੀਤਾ ਸੀ ਕਿ ਪ੍ਰਮਾਤਮਾ ਸਾਹਮਣੇ ਔਰਤ ਅਤੇ ਮਰਦ ਬਰਾਬਰ ਸਨ। ਉਹਨਾ ਨੇ ਔਰਤਾਂ ਨੂੰ ਸੰਗਤ ਵਿਚ 'ਜੀ ਆਇਆਂ' ਆਖਿਆ ਅਤੇ ਮਰਦਾਂ ਨਾਲ ਬੈਠਾਇਆ ਅਤੇ ਉਹ ਧਾਰਮਿਕ ਅਧਿਕਾਰ ਦਿਤੇ ਸਨ ਜਿਹੜੇ ਸਮਾਜ ਨੇ ਉਹਨਾ ਲਈ ਵਰਜਿਤ ਰਖੇ ਸਨ। ਬੋਲ ਚਾਲ ਅਤੇ ਕੰਮ ਕਾਰਜਾਂ ਸਦਕਾ ਦੂਜੇ ਨਾਨਕ ਨੇ ਗੁਰੂ ਨਾਨਕ ਜੀ ਵਲੋਂ ਦ੍ਰਿੜਾਏ ਲਿੰਗ ਬਰਾਬਰੀ ਤੇ ਜ਼ੋਰ ਦਿਤਾ।

ਦੂਜੇ ਨਾਨਕ ਨੇ ਜੀਵਨ ਦੇ ਹੋਰ ਪਹਿਲੂਆਂ ਦੀ ਤਰ੍ਹਾਂ ਇਸ ਪਹਲੂ ਵਿੱਚ ਵੀ ਇਕੱਲੇ ਕੰਮ ਨਹੀਂ ਕੀਤਾ। ਉਹਨਾ ਦੀ ਪਤਨੀ ਜਾਂ ਅਰਧਾਂਗਨੀ, ਮਾਤਾ ਖੀਵੀ ਜੀ, ਸਿੱਖ ਬਰਾਦਰੀ ਵਿਚ ਇਕ ਮਹੱਤਵ-ਪੂਰਣ ਔਰਤ ਸਨ ਜਿਹਨਾ ਨੇ ਸਿੱਖੀ ਦੇ ਅਭਿਆਸ ਵਿਚ ਮਹਾਨ ਯੋਗਦਾਨ ਪਾਇਆ। ਉਹਨਾਂ ਨੇ ਸਿੱਖ ਬਰਾਦਰੀ ਵਿਚ  ਲੀਡਰਸ਼ਿਪ ਅਹੁਦਿਆਂ ਵਿੱਚ ਔਰਤਾਂ ਦੀ ਭਾਗੀਦਾਰੀ ਨੂੰ ਵਧਾਉਣ ਵਿੱਚ ਇੱਕ ਪ੍ਰਮੁਖ ਭੂਮਿਕਾ ਨਿਬਾਹੀ। ਲੰਗਰ ਦੀ ਸੰਸਥਾ ਨੂੰ ਬਰਕਰਾਰ ਰਖਣ ਵਿਚ ਉਹਨਾ ਦਾ ਵਿਸ਼ੇਸ਼ ਯੋਗਦਾਨ ਸੀ ਜਿਥੇ ਸੰਗਤ ਨੂੰ ਆਉਣ ਲਈ ਅਤੇ ਇਕੱਠੇ ਬੈਠ ਕੇ ਖਾਣਾ ਖਾਣ ਲਈ ਸੱਦਾ ਦਿਤਾ ਜਾਂਦਾ ਸੀ।

ਸ਼ੁਰੂ ਵਿਚ ਮਾਤਾ ਖੀਵੀ ਜੀ ਨਿੱਜੀ ਤੌਰ ਤੇ ਬਰਾਦਰੀ ਦੇ ਸਾਰੇ ਮੈਂਬਰਾਂ ਜਾਂ ਯਾਤਰੂਆਂ ਨੂੰ, ਜੋ ਗੁਰੂ ਜੀ ਨੂੰ ਮਿਲਣ ਆਉਂਦੇ, ਆਪ ਖਾਣਾ ਵਰਤਾਉਣ ਦੀ ਸੇਵਾ ਕਰਦੇ। ਉਹਨਾਂ ਦਾ ਇਹ ਕਾਰਜ ਸਿੱਖੀ ਦੀਆਂ ਸਿਖਿਆਵਾਂ ਦਾ ਚਿੰਨ੍ਹ ਸੀ ਜਿਵੇਂ ਕਿ ਮਨੁੱਖਤਾ ਦੇ ਹਰ ਵਿਅੱਕਤੀ ਵਿਚ ਮਾਨਵਤਾ ਤੇ ਜ਼ੋਰ ਦੇਣਾ ਅਤੇ ਕਿਸੇ ਤਰ੍ਹਾਂ ਦੇ ਵੀ ਜਾਤ ਪਾਤ ਦੇ ਵਖਰੇਵੇਂ ਨੂੰ ਖਤਮ ਕਰਨਾ। ਮਾਤਾ ਖੀਵੀ ਜੀ ਲੰਗਰ ਦੀ ਸੇਵਾ ਬੜੇ ਪਰਬੀਨ ਅਤੇ ਨਿਸ਼ਕਾਮ ਤਰੀਕੇ ਨਾਲ ਵਿਸ਼ੇਸ਼ ਤੌਰ ਤੇ ਕਰਦੇ ਜਿਸ ਨਾਲ ਸਾਰੇ ਲੋਕਾਂ ਵਲੋਂ ਸਤਿਕਾਰ ਮਿਲਦਾ। ਇਸ ਰੂਪ ਵਿਚ ਉਹਨਾਂ ਦਾ ਰੋਲ ਬੜਾ ਅਲੌਕਿਕ ਅਤੇ ਕ੍ਰਾਂਤੀਕਾਰੀ ਸੀ ਕਿਉਂਕਿ ਉਹਨਾ ਸਮਿਆਂ ਵਿਚ ਔਰਤਾਂ ਸਮਾਜ ਵਿਚ ਅਕਸਰ ਅੱਗੇ ਹੋ ਕੇ ਕੰਮ ਨਹੀਂ ਕਰਦੀਆਂ ਸਨ।




ਮਾਤਾ ਖੀਵੀ ਜੀ ਇਸ ਗਲ ਦਾ ਵੀ ਧਿਆਨ ਰਖਦੇ ਸਨ ਕਿ ਲੰਗਰ ਵਿਚ ਵਰਤਾਇਆ ਜਾਂਦਾ ਖਾਣਾ ਪੌਸ਼ਟਿਕ ਹੋਵੇ। ਬਹੁਤੇ ਲੋਕ ਜੋ ਅਕਸਰ ਗੁਰੂ ਜੀ ਨੂੰ ਮਿਲਣ ਆਉਂਦੇ, ਉਹ ਗਰੀਬ ਅਤੇ ਮੰਦਹਾਲੀ ਹੁੰਦੇ

ਸਨ। ਮਾਤਾ ਖੀਵੀ ਜੀ ਹਰ ਕਿਸੇ ਨੂੰ ਪਿਆਰ ਸਹਿਤ ਖੁਲ੍ਹ-ਦਿਲੀ ਨਾਲ ਸੁਆਦੀ ਅਤੇ ਨਰੋਆ ਖਾਣਾ ਦਿੰਦੇ। ਸਮੇਂ ਦੇ ਕੀਰਤਨੀਏ ਬਲਵੰਡ ਨੇ ਮਾਤਾ ਜੀ ਨੂੰ ਇਕ ਵੱਡੇ ਪੇੜ ਦੀ ਤਰ੍ਹਾਂ ਦਰਸਾਇਆ ਜੋ ਹਰ ਕਿਸੇ ਨੂੰ ਘਣੀ ਲੋੜੀਂਦੀ ਛਾਂ ਦਿੰਦਾ ਸੀ। ਮਾਤਾ ਜੀ ਦੇ ਕਰਤਵ, ਪ੍ਰਸੰਸਾ ਅਤੇ ਨਾਮ ਵੀ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਦਰਜ ਹਨ।

ਅੱਜਤੱਕ, ਹਰ ਸੇਵਾ ਤੋਂ ਬਾਅਦ, ਕਿਸੇ ਵੀ ਸਿੱਖ ਗੁਰਦੁਆਰ ਦੇ ਯਾਤਰੂ ਸੰਗਤ ਨੂੰ ਸੇਵਾ ਕਰਦਿਆਂ ਅਤੇ ਇਕੱਠੇ ਲੰਗਰ ਛਕਦਿਆਂ ਦੇਖ ਸਕਦੇ ਹਨ। ਜਿਵੇਂ ਗੁਰੂ ਨਾਨਕ ਜੀ ਨੇ ਕਰਤਾਰਪੁਰ ਰਹਿ ਕੇ ਅਭਿਆਸ ਕੀਤਾ ਅਤੇ ਦੂਜੇ ਨਾਨਕ ਨੇ ਖਡੂਰ ਵਿਖੇ ਦ੍ਰਿੜਾਇਆ, ਲੰਗਰ ਨੇ ਇਸ ਗੱਲ ਤੇ ਜ਼ੋਰ ਦਿਤਾ ਕਿ ਸਾਥੀ ਮਨੁਖਾਂ ਦੀ ਸੇਵਾ ਸਿੱਖੀ ਜੀਵਨ ਦਾ ਇਕ ਮਹੱਤਵਪੂਰਨ ਸਿਧਾਂਤ ਸੀ। ਜਲਦੀ ਹੀ ਇਹ ਵਿਵਹਾਰ ਜ਼ੋਰ ਫੜਦਾ ਗਿਆ ਅਤੇ ਸੰਗਤ ਵਲੋਂ ਦੂਜਿਆਂ ਦੀ ਸੇਵਾ ਕਰਨਾ ਇਕ ਪ੍ਰੰਪਰਾ ਬਣ ਗਿਆ।

**ਮਿਸ਼ਨਰੀ ਯਾਤਰਾਵਾਂ:** ਦੂਜੇ ਨਾਨਕ ਨੇ ਮਹੱਤਵ-ਪੂਰਣ ਥਾਵਾ ਅਤੇ ਧਾਰਮਿਕ ਕੇਂਦਰਾਂ ਦੀ ਯਾਤਰਾ ਕੀਤੀ ਜੋ ਗੁਰੂ ਨਾਨਕ ਨੇ ਸਿੱਖੀ ਦੇ ਪਰਚਾਰ ਲਈ ਸਥਾਪਤ ਕੀਤੇ ਸਨ। ਉਹਨਾਂ ਨੇ ਪੰਜਾਬ ਵਿਚ ਕਈ ਨਵੀਆਂ ਸੰਗਤਾਂ ਵੀ ਲਭੀਆਂ ਅਤੇ ਇਸਤਰ੍ਹਾਂ ਆਮ ਜਨਤਾ ਦੀ ਸਮਝ ਅਤੇ ਸਿੱਖੀ ਦੇ ਅਭਿਆਸ ਨੂੰ ਸ਼ਕਤੀਸ਼ਾਲੀ ਬਣਾਇਆ। ਉਹਨਾਂ ਨੇ ਖਡੂਰ ਨੇੜੇ ਗੋਇੰਦਵਾਲ ਦੇ ਨਵੇਂ ਵਸਾਏ ਸ਼ਹਿਰ ਦਾ ਵੀ ਵਿਕਾਸ ਕੀਤਾ। ਉਹਨਾਂ ਨੇ ਭਾਈ ਅਮਰਦਾਸ (ਬਾਅਦ ਵਿਚ ਤੀਸਰੇ ਨਾਨਕ ਬਣੇ) ਨੂੰ ਇਸ ਉਸਾਰੀ ਦਾ ਨਿਰੀਖਣ ਕਰਨ ਹਿਤ ਨਿਯੁੱਕਤ ਕੀਤਾ।

ਉਹਨਾਂ ਦਾ ਗੁਰੂ ਹੋਣ ਦਾ ਸਮਾਂ ਬਹੁਤ ਪ੍ਰਮਾਣਿਕ ਸੀ। ਉਸ ਵੇਲੇ ਸਿੱਖ ਬਰਾਦਰੀ ਨੂੰ, ਆਪਣੇ ਬਾਲਪਨ ਵਿਚ ਹੋਣ ਕਰਕੇ, ਕਈ ਵੰਗਾਰਾਂ ਦਾ ਸਾਹਮਣਾ ਕਰਨਾ ਪਿਆ। ਖੇਤਰ ਵਿਚਲੀ ਹਿੰਦੂ ਬਰਾਦਰੀ ਇਸ ਨਵੇਂ ਸਥਾਪਤ ਕੀਤੇ ਸਿੱਖ ਧਰਮ ਦਾ ਖਾਤਮਾ ਕਰਨਾ ਚਾਹੁੰਦੀ ਸੀ। ਨਾਲ ਹੀ, ਗੁਰੂ ਨਾਨਕ ਜੀ ਦੇ ਸਪੁੱਤਰ ਸ੍ਰੀ ਚੰਦ ਉਦਾਸੀ (ਜੋ ਘਰੋਗੀ ਜੀਵਨ ਦੀ ਬਜਾਏ ਇਕਾਂਤਵਾਸ ਨੂੰ ਚੰਗਾ ਸਮਝਦੇ ਸੀ) ਅਤੇ ਹੋਰ ਯੋਗੀ ਮੱਤ (ਜੋ ਵੱਖ ਵੱਖ ਕਿਸਮਾਂ ਦੀਆਂ ਰਸਮ-ਰੀਤੀਆਂ ਦਾ ਪਾਲਣ ਕਰਦੇ ਸਨ) ਹਾਲੇ ਖਤਮ ਨਹੀਂ ਹੋਏ ਸਨ।

ਗੁਰੂ ਨਾਨਕ ਜੀ ਨੇ ਸਿੱਖੀ ਦੇ ਨਿਯਮ ਸਪਸ਼ਟ ਰੂਪ ਵਿਚ ਸਥਾਪਤ ਕੀਤੇ। ਫਿਰ ਵੀ, ਖਤਰਾ ਇਹ ਸੀ ਕਿ ਸਿੱਖ (ਨਾ ਕਿ ਸਿੱਖੀ) ਹਿੰਦੂ ਧਰਮ ਵੱਲ ਥਿੜਕ ਸਕਦੇ ਸਨ ਜੇ ਇਸ ਨਵੇਂ ਧਰਮ ਨੂੰ ਮਨਣ ਵਾਲਿਆਂ ਨੇ ਨਿਯਮਾਂ ਨੂੰ ਪੂਰੀ ਤਰ੍ਹਾਂ ਨਾ ਸਮਝਿਆ ਅਤੇ ਪਹਿਲੇ ਅਤੇ ਦੂਜੇ ਨਾਨਕ ਦੀਆਂ ਸਿਖਿਆਵਾਂ ਨੂੰ ਅਭਿਆਸ ਵਿਚ ਨਾ ਲਿਆਂਦਾ। ਇਸ ਨਵੇਂ ਨਿਕੋਰ ਖਿੜਦੇ ਧਰਮ ਦੀਆਂ ਪਰਖਾਂ ਸਮੇਂ, ਦੂਜੇ ਨਾਨਕ ਨੇ ਗੁਰੂ ਨਾਨਕ ਜੀ ਦੀ ਸਿੱਖੀ ਦੀ ਇਸ ਸੱਚੀ ਸੁੱਚੀ ਭਾਵਨਾ ਨੂੰ ਹਰ ਤਰ੍ਹਾਂ ਸਹੀ ਰੂਪ ਵਿਚ ਜੀਵਿਆ। ਸਿੱਖ ਨਿਯਮਾਂ ਦੇ ਲਗਾਤਾਰ ਅਭਿਆਸ ਨੇ ਸਿੱਖੀ ਨੂੰ ਆਪਣੇ ਵੱਖਰੇ ਧਰਮ ਦੀ ਪਹਿਚਾਨ ਨੂੰ ਹੋਰ ਅੱਗੇ ਤੋਰਨ ਦੇ ਯੋਗ ਬਣਾਇਆ ਜੋ ਗੁਰੂ ਨਾਨਕ ਜੀ ਨੇ ਪਹਿਲਾਂ ਦੇ ਅਭਿਆਸ ਅਤੇ ਸਿੱਖ ਧਰਮ ਦੀਆਂ ਸ਼ਕਤੀਸ਼ਾਲੀ ਸਿਖਿਆਵਾਂ ਅਨੁਸਾਰ ਉਸਾਰੀ ਕੀਤੀ ਸੀ।

**ਤੀਜੇ ਨਾਨਕ ਦੀ ਨਿਯੁਕਤੀ**: ੧੫੫੨ ਈਸਵੀ (ਉਮਰ ੪੮ ਸਾਲ): ਆਪਣੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ, ਦੂਜੇ ਨਾਨਕ ਨੇ ਆਪਣੇ ਦੋਨੋ ਪੁਤਰਾਂ ਦੀ ਬਜਾਏ ਭਾਈ ਅਮਰਦਾਸ ਨੂੰ ਤੀਜੇ ਨਾਨਕ ਵਜੋਂ ਨਿਯੁਕਤ ਕੀਤਾ। ਗੁਰੂ ਨਾਨਕ ਦੀਆਂ ਰਚਨਾਵਾਂ ਅਤੇ ਸਿਖਿਆਵਾਂ ਨੂੰ ਸਾਂਭਣ ਲਈ ਉਹਨਾਂ ਨੇ ਆਪਣੀਆ ਰਚਨਾਵਾਂ ਨੂੰ ਇਸ ਪੋਥੀ ਵਿਚ ਸ਼ਾਮਲ ਕੀਤਾ ਜੋ ਉਹਨਾਂ ਨੂੰ ਮਿਲੀ ਸੀ ਜਦੋਂ ਉਹ ਦੂਜਾ ਨਾਨਕ ਬਣੇ ਸਨ। ਓਹਨਾਂ ਨੇ ਪੂਰੀ ਪੋਥੀ ਆਪਣੇ ਉਤਰਾਧਿਕਾਰੀ ਗੁਰੂ ਨੂੰ ਸੌਂਪੀ ਅਤੇ ਗੋਇੰਦਵਾਲ ਵਿਖੇ ਸਿੱਖੀ ਦਾ ਕੇਂਦਰ ਸਥਾਪਤ ਕਰਨ ਲਈ ਕਿਹਾ। ਦੂਜੇ ਨਾਨਕ, ਗੁਰੂ ਅੰਗਦ ਜੀ, ੨੯ ਮਾਰਚ, ੧੫੫੨ ਨੂੰ ਜੋਤੀ ਜੋਤ ਸਮਾ ਗਏ।

# ੧੧. ਗੁਰੂ ਨਾਨਕ ਜੀ ਨੇ ਦੂਜੇ ਨਾਨਕ ਨੂੰ ਆਪਣੀ ਪੋਥੀ ਦਿਤੀ ਦਾ ਪਰਮਾਣ

ਪ੍ਰੋਫ਼ੈੱਸਰ ਸਾਹਿਬ ਸਿੰਘ, ਸਿੱਖ ਜਗਤ ਦੇ ਸਤਿਕਾਰਯੋਗ ਉਚਤਮ ਵਿਦਵਾਨ, ਨੇ ਆਪਣੀਆਂ ਬਹੁਤ ਸਾਰੀਆਂ ਪੁਸਤਕਾਂ ਵਿਚ ਅਤੇ 'ਗੁਰ ਇਤਿਹਾਸ ਪਾਤਸ਼ਾਹੀ ੨-੯' ਵਿਚ ਜੋ ਸਿੰਘ ਬ੍ਰਦਰਜ਼, ਅੰਮ੍ਰਿਤਸਰ ਨੇ ਛਾਪੀਆਂ ਹਨ ਇਸ ਵਿਸ਼ੇ ਬਾਰੇ ਬਹੁਤ ਮੰਨਣਯੋਗ ਢੰਗ ਨਾਲ ਬਿਆਨ ਕੀਤਾ ਹੈ। ਉਹਨਾਂ ਦਾ ਸਪਸ਼ਟ ਸ਼ਬਦਾਂ ਵਿਚ ਨਿਰਣਾ ਹੈ ਕਿ ਗੁਰੂ ਨਾਨਕ ਜੀ ਨੇ ਆਪਣੀਆਂ ਰਚਨਾਵਾਂ ਨੂੰ ਦਰਜ ਕਰਕੇ ਰਖਿਆ, ਭਗਤਾਂ ਦੀਆਂ ਰਵਨਾਵਾਂ ਨੂੰ ਇਕੱਤਰ ਕੀਤਾ ਅਤੇ ਇਕ ਪੋਥੀ ਵਿਚ ਸੰਭਾਲ ਕੇ ਰਖਿਆ। ਫਿਰ ਉਹਨਾਂ ਨੇ ਇਹ ਪੋਥੀ ਨਿੱਜੀ ਤੌਰ ਤੇ ਗੁਰੂ ਅੰਗਦ ਜੀ ਨੂੰ ਦਿਤੀ ਜਦ ਉਹਨਾਂ ਨੂੰ ਦੂਜਾ ਗੁਰੂ ਨਿਯੁੱਕਤ ਕੀਤਾ। ਇਸ ਵਿਸ਼ੇ ਬਾਰੇ ਕੀਤੇ ਵਿਚਾਰ ਦਾ ਸਾਰ ਹੇਠਾਂ ਦਿਤਾ ਗਿਆ ਹੈ।

ਅਸੀਂ ਜਾਣਦੇ ਹਾਂ ਕਿ ਭਾਈ ਲਹਿਣਾ ਜੀ (ਗੁਰੂ ਅੰਗਦ ਜੀ ਬਣਨ ਤੋਂ ਪਹਿਲਾਂ) ਸੱਤ ਸਾਲਾਂ ਲਈ (੧੫੩੨-੧੫੩੯ ਤੱਕ) ਕਰਤਾਰਪੁਰ ਵਿਚ ਗੁਰੂ ਨਾਨਕ ਜੀ ਕੋਲ ਰਹੇ। ਭਾਈ ਲਹਿਣਾ ਜੀ ਨੇ ਗੁਰੂ ਨਾਨਕ ਜੀ ਦਾ ਹਰ ਕਹਿਣਾ ਅਤਿਅੰਤ ਸਤਿਕਾਰ ਸਹਿਤ ਮੰਨਿਆ ਅਤੇ ਉਹ ਹਮੇਸ਼ਾ ਹੀ ਗੁਰੂ ਨਾਨਕ ਜੀ ਦੀ ਸੰਗਤ ਵਿੱਚ ਰਹੇ। ਸੋ ਭਾਈ ਲਹਿਣਾ ਨੂੰ ਗੁਰੂ ਨਾਨਕ ਜੀ ਦੀਆਂ ਸਿਖਿਆਵਾ ਦਾ ਅਤੇ ਸਿੱਖੀ ਨਾਲ ਸਬੰਧਤ ਧਾਰਮਿਕ ਅਭਿਆਸਾਂ ਬਾਰੇ ਪੂਰੀ ਤਰ੍ਹਾਂ ਗਿਆਨ ਸੀ।

ਇਥੇ ਉਸ ਮਨਘੜਤ ਕਹਾਣੀ ਦਾ ਜ਼ਿਕਰ ਕਰਨਾ ਬਹੁਤ ਜ਼ਰੂਰੀ ਹੈ ਕਿ ਗੁਰੂ ਅੰਗਦ ਜੀ ਨੇ ਕਿਸੇ ਭਾਈ ਬਾਲਾ ਨੂੰ ਗੁਰੂ ਨਾਨਕ ਜੀ ਦਾ ਜੀਵਨ ਇਤਿਹਾਸ "ਜਨਮਸਾਖੀ" ਲਿਖਣ ਲਈ ਕਿਹਾ। ਪ੍ਰੋਫ਼ੈੱਸਰ ਸਾਹਿਬ ਸਿੰਘ ਜੀ ਦੀ ਪੁਸਤਕ "*ਅਬੋਟ ਛੋਮਪਲਿਓਟੌਨਿ ੋਡ ਸ਼ਰਿ ਘੁਰੁ ਘਰਓਨਟਹ ਸ਼ਓਹਬਿ*" ਨਿਰਣੈ ਤੌਰ ਤੇ ਦਸਦੀ ਹੈ ਕਿ ਭਾਈ ਬਾਲਾ ਇਕ ਕਾਲਪਨਿਕ ਚਰਿੱਤਰ ਸੀ ਅਤੇ ਕਹੀ ਜਾਂਦੀ "ਭਾਈ ਬਾਲਾ ਜਨਮਸਾਖੀ" ਅਸਲ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਆਖਰੀ ਸਾਲਾਂ ਵਿਚ ਕਿਸੇ ਹੋਰ ਨੇ ਲਿਖੀ ਸੀ, ਭਾਵ ਕਿ ਗੁਰੂ ਅੰਗਦ ਜੀ ਦੇ ੧੫੫੨ ਈਸਵੀ ਵਿਚ ਜੋਤੀ ਜੋਤ ਸਮਾਉਣ ਤੋਂ ੧੫੦ ਸਾਲ ਬਾਅਦ। (ਸਏਏ ਫਰੋਡ ਸ਼ਓਹਬਿ ਸ਼ਨਿਗਹ'ਸ ਚੋਨਚਲੁਸੋਨਿ ੋਨ ਪ. ੧੯੩ ੋਡ ਟਹਸਿ ਬੋਕ).

ਗੁਰੂ ਨਾਨਕ ਜੀ ੧੮ ਸਾਲ (੧੫੨੧-੧੫੩੯) ਕਰਤਾਰਪੁਰ ਵਿਖੇ ਰਹੇ। ਉਹਨਾਂ ਨੇ ਕਰਤਾਰਪੁਰ ਵਿਖੇ ਇਕ ਧਰਮਸਾਲ ਵੀ ਬਣਵਾਈ ਸੀ ਜਿਥੇ ਦਿਨ ਵਿਚ ਦੋ ਵੇਰਾਂ (ਸਵੇਰੇ ਅਤੇ ਸ਼ਾਮ) ਲੋਕ ਸੰਗਤ ਵਜੋਂ ਇਕੱਠੇ ਹੋਇਆ ਕਰਦੇ ਸਨ। ਇਹ ਵਿਸ਼ਵਾਸ ਕਰਨਾ ਬਹੁਤ ਮੁਸ਼ਕਲ ਹੈ ਕਿ ੧੮ ਸਾਲਾਂ ਦੌਰਾਨ ਇਹ ਇਕੱਤਰਤਾ ਸਿਰਫ਼ ਜ਼ਬਾਨੀ ਰਚਨਾਵਾਂ ਅਨੁਸਾਰ ਹੀ ਹੁੰਦੀ ਰਹੀ।

ਗੁਰੂ ਨਾਨਕ ਜੀ ਨੇ ਨਿਸਚੈ ਹੀ ਆਪਣੀਆਂ ਨਿੱਜੀ ਹੱਥ-ਲਿਖਤ ਅਤੇ ਧਿਆਨ ਪੂਰਵਕ ਸੰਭਾਲੀਆਂ ਬਾਣੀ ਦੀਆਂ ਰਚਨਾਵਾਂ ਨੂੰ ਬੜੇ ਧਿਆਨ ਪੂਰਵਕ ਆਪਣੇ ਅਨੇਕਾਂ ਮਨਣ ਵਾਲਿਆਂ ਨੂੰ ਸਿੱਖੀ ਦੀਆਂ ਸਿਖਿਆਵਾਂ ਦੇਣ ਲਈ ਵਰਤਿਆ ਹੋਵੇਗਾ। ਇਹ ਕਹਿਣਾ ਠੀਕ ਨਹੀਂ ਹੋਵੇਗਾ ਕਿ ਗੁਰੂ ਅਰਜਨ ਜੀ ਜਾਂ ਕਿਸੇ ਹੋਰ ਗੁਰੂ ਜੀ ਨੇ ਥਾਂ ਥਾਂ ਖਿਲਰੀ ਬਾਣੀ ਨੂੰ ਸਿੱਖਾਂ ਪਾਸੋਂ ਇਕੱਤਰ ਕੀਤਾ।

ਜਿਵੇਂ ਕਿ ਅਧਿਆਏ ੪ ਵਿਚ ਦੇਖਿਆ ਗਿਆ ਹੈ ਕਿ ਗੁਰੂ ਨਾਨਕ ਜੀ ਨੇ ਆਪਣੀਆਂ ਰਚਨਾਵਾ ਨੂੰ ਇਕ ਪੋਥੀ ਵਿਚ ਦਰਜ ਕੀਤਾ ਹੋਇਆ ਸੀ ਜਿਸਦੇ ਨਾਲ ਹੀ ਭਗਤਾਂ ਦੀਆਂ ਰਚਨਾਵਾ ਸਨ ਜੋ ਕਿ ਗੁਰੂ ਜੀ ਨੇ ਆਪਣੀਆਂ ਵਿਸ਼ਾਲ ਅਤੇ ਲੰਬੀਆ ਉਦਾਸੀਆਂ ਦੌਰਾਨ ਨਿੱਜੀ ਤੌਰ ਤੇ ਇਕੱਤਰ ਕੀਤੀਆਂ ਸਨ।

ਇਹ ਪੋਥੀ, ਆਪਣੀ ਸਾਰੀ ਬਾਣੀ ਸਮੇਤ, ਗੁਰੂ ਨਾਨਕ ਜੀ ਨੇ ਨਿੱਜੀ ਤੌਰ ਤੇ ਗੁਰੂ ਅੰਗਦ ਜੀ ਨੂੰ ਸੌਂਪੀ ਜਦ ਗੁਰੂ ਨਾਨਕ ਜੀ ਨੇ ਗੁਰੂ ਅੰਗਦ ਜੀ ਨੂੰ ਦੂਜੇ ਨਾਨਕ ਵਜੋਂ ਨਿਯੁੱਕਤ ਕੀਤਾ।

ਗੁਰੂ ਅੰਗਦ ਜੀ ਨੇ ਫਿਰ ਇਸ ਪੋਥੀ ਵਿਚਲੀ ਗੁਰੂ ਨਾਨਕ ਜੀ ਬਾਣੀ ਅਤੇ ਸਿਖਿਆਵਾਂ ਨੂੰ ਸਿੱਖਾਂ ਦੀ ਵੱਧ ਰਹੀ ਬਰਾਦਰੀ ਵਿਚ ਪ੍ਰਸਾਰਣ ਲਈ ਵਰਤਿਆ। ਇਸਦੇ ਨਾਲ ਹੀ ਉਹਨਾਂ ਨੇ ਆਪਣੀਆਂ ਕੁਝ ਰਚਨਾਵਾਂ ਨੂੰ ਗੁਰੂ ਨਾਨਕ ਜੀ ਦੀ ਬਾਣੀ ਨਾਲ ਇਕ ਸੁਰ ਕੀਤਾ। ਇਸ ਨਿਰਣੈ ਪ੍ਰਤੀ ਮੰਨਣਯੋਗ ਪਰਮਾਣ ਅਗਲੇ ਅਧਿਆਏ ਵਿਚ ਦਿਤਾ ਗਿਆ ਹੈ।

*******************

# ੧੨. ਗੁਰੂ ਨਾਨਕ ਜੀ ਅਤੇ ਦੂਜੇ ਨਾਨਕ ਦੀਆਂ ਬਾਣੀਆਂ ਵਿਚ ਸਮਾਨਤਾਵਾਂ

ਪ੍ਰੋਫ਼ੈੱਸਰ ਸਾਹਿਬ ਸਿੰਘ ਨੇ ਇਸ ਵਿਸ਼ੇ ਬਾਰੇ ਵਿਸਥਾਰ ਸਹਿਤ ਆਪਣੀ ਪੁਸਤਕ "*ਅਬੌਟ ਛੋਮਪਲਿੳਟੌਨਿ ਼ਡ ਸ਼ਰਿ ਘੁਰੁ ਘਰੳਨਟਹ ਸ਼ੳਹਬਿ*" ਵਿਚ ਦਰਸਾਇਆ ਹੈ। ਇਹ ਪੁਸਤਕ 'ਲੋਕ ਸਾਹਿਤ ਪ੍ਰਕਾਸ਼ਨ', ਅੰਮ੍ਰਿਤਸਰ ਵਲੋਂ ਪ੍ਰਕਾਸਤ ਕੀਤੀ ਗਈ ਹੈ। ਪ੍ਰੋਫ਼ੈੱਸਰ ਸਾਹਿਬ ਸਿੰਘ ਗੁਰੂ ਨਾਨਕ ਜੀ ਅਤੇ ਦੂਜੇ ਨਾਨਕ ਦੀਆਂ ਰਚਨਾਵਾਂ ਦੀ ਤੁਲਨਾ ਕਰਦੇ ਹਨ ਅਤੇ ਨਿਰਸੰਦੇਹ ਸਿੱਧ ਕਰਦੇ ਹਨ ਕਿ ਉਹਨਾ ਦੇ ਵਿਚਾਰ ਅਤੇ ਸ਼ਬਦਾਂ ਵਿਚ ਸਮਾਨਤਾਵਾਂ ਨਿਰਣਾਇਕ ਰੂਪ ਵਿਚ ਇਹ ਦਰਸਾਉਂਦੀਆਂ ਹਨ ਕਿ ਗੁਰੂ ਨਾਨਕ ਜੀ ਦੀਆਂ ਰਚਨਾਵਾਂ ਦੂਜੇ ਨਾਨਕ ਜੀ ਦੇ ਕੋਲ ਸਨ। ਇਸ ਬਾਰੇ ਕੁਝ ਉਦਾਹਰਣਾਂ ਹੇਠ ਦਿਤੀਆਂ ਗਈਆਂ ਹਨ:

***ਗੁਰੂ ਨਾਨਕ ਜੀ ਦੀ ਬਾਣੀ (ਟੇਢੇ ਅਖਰਾਂ ਵਿਚ)*** **ਦੂਜੇ ਨਾਨਕ ਜੀ ਦੀ ਬਾਣੀ (ਸਧਾਰਨ ਲਿਖਤ ਵਿਚ)**

| | | |
|---|---|---|
| ੧ | *ਭੁਖਿਆਂ ਭੁਖ ਨਾ ਉਤਰੈ ਜੇ ਬੰਨਾਂ ਪੁਰੀਆ ਭਾਰ।* | ਜਪੁ ਜੀ |
| | ਭੁਖਿਆ ਬੁਖ ਨਾ ਉਤਰੈ ਗਲੀ ਭੁਖ ਨਾ ਜਾਇ॥<br>ਨਾਂਨਕ ਭੁਖਿਆ ਤਾ ਰਜੈ ਜਹਿ ਗੁਨ ਕਹਿ ਗੁਣੀ ਸਮਾਇ॥ | ਮਾਝ ਕੀ ਵਾਰ |
| ੨ | *ਅੰਮ੍ਰਿਤ ਵੇਲਾ ਸਚ ਨਾਉ ਵਡਿਆਈ ਵਿਚਾਰ॥ ਕਰਮੀ ਆਵੈ ਕਪੜਾ ਨਦਰੀ ਮੋਖ ਦੁਆਰ॥<br>ਨਾਂਨਕ ਐਵੇ ਜਾਣੀਐ ਸਭ ਆਪੈ ਸਚਿਆਰ॥* | ਜਪੁ ਜੀ |
| | ਦੋਹਾ ਸਿਰਿਆ ਆਪੇ ਖਸਮ ਵੇਖੈ ਕਰਿ ਵਿਉਪਾਇ॥<br>ਨਾਨਕ ਏਵੈ ਜਾਨੀਐ ਸਭ ਕਿਛ ਤਿਸੈ ਰਜਾਇ॥ | ਮਾਝ ਕੀ ਵਾਰ |
| ੩ | *ਚਾਕਰ ਲਗੈ ਚਾਕਰੀ ਜੇ ਚਲੈ ਖਸਮੈ ਭਾਇ॥<br>ਹੁਰਮਤਿ ਤਿਸਨੋ ਅਗਲੀ ਓ ਵਜਹ ਭਿ ਦੂਣੀ ਖਾਇ॥* | ਆਸਾ ਦੀ ਵਾਰ |
| | ਚਾਕਰ ਲਗੈ ਚਾਕਰੀ ਨਾਲੈ ਗਾਰਬ ਵਾਦਿ॥<br>ਗਲਾ ਕਰੈ ਘਨੇਰੀਆ ਖਸਮ ਨਾ ਪਾਇ ਸਾਦਿ॥ | ਆਸਾ ਦੀ ਵਾਰ |
| ੪ | *ਸਬਹੀ ਸਲਾਹ ਜਿਨੀ ਧਿਆਇਆ ਇਕ ਮਨ॥<br>ਸੇਈ ਪੂਰੇ ਸਾਹ ਵਿਖਤੈ ਊਪਰਿ ਲੜਿ ਮੂਐ॥॥<br>ਸਭੈ ਵੇਲਾ ਵਖਤ ਸਭ ਜੋ ਅਠੀ ਭਾਉ ਹੋਇ॥* | ਮਾਝ ਕੀ ਵਾਰ |
| | ਸੇਈ ਪੂਰੈ ਸਾਹ ਜਿਨੀ ਪੂਰਾ ਪਾਇਆ॥<br>ਅਠੀ ਵੇਪਰਵਾਹ ਰਤੀਆਹ ਇਕਤੈ ਰੰਗ ਚੌਥੈ ਪਹਿਰ ਸਭਾ ਕੈ ਸੁਤੀਆ ਉਪਜੈ ਚਾਉ॥ | ਮਾਝ ਕੀ ਵਾਰ |
| ੫ | *ਪਹਿਲ ਬਸੰਤੈ ਆਗਮਨ ਪਹਿਲਾ ਮੌਲਿਓ ਸੋਹਿ॥<br>ਜਿਤ ਮੌਲਿਐ ਸਭ ਮੌਲਇਐ ਤਿਸੈ ਨਾ ਮੌਲਿਉ ਕੋਇ॥* | ਸੂਹੀ ਕੀ ਵਾਰ |
| | ਪਹਿਲ ਬਸੰਤੈ ਆਗਮਨ ਤਿਸ ਕਾ ਕਰੋ ਵਿਚਾਰ॥<br>ਨਾਂਨਕ ਸੋ ਸਾਲਾਹੀਐ ਜਹਿ ਸਭਸੈ ਦੇਇ ਆਧਾਰ॥ | ਸੂਹੀ ਕੀ ਵਾਰ |
| ੬ | *ਜਿਨ ਕੀਆ ਤਿਨ ਦੇਖਿਆ ਕਿਆ ਕਹੀਐ ਰੇ ਭਾਈ॥<br>ਆਪੈ ਜਾਣੈ ਕਰੈ ਆਪ ਜਿਨ ਵਾੜੀ ਹੈ ਲਾਈ॥* | ਤਿਲੰਗ ਮਹਿਲਾ ੧ |
| | ਆਪੈ ਜਾਣੈ ਆਪਿ ਆਪੈ ਆਣੈ ਰਾਸ॥ | ਮਾਰੂ ਕੀ ਵਾਰ |

ਉਪਰ ਦਿਤੀ ਤੁਲਨਾ ਦਸਦੀ ਹੈ ਕਿ ਗੁਰੂ ਨਾਨਕ ਜੀ ਦੀ ਬਾਣੀ ਨਾਲ ਦੂਜੇ ਨਾਨਕ ਜੀ ਪੂਰੀ ਤਰ੍ਹਾਂ ਜਾਣਕਾਰ ਸਨ। ਦੋਨਾਂ ਦੇ ਸੰਦੇਸ ਵਿਚ ਅਲੌਕਿਕ ਸਮਾਨਤਾ ਹੈ। ਲਗਭਗ ਇਕੋ ਜਿਹੇ ਸ਼ਬਦਾਂ ਦੀ ਚੋਣ

ਨਾਲ ਬਿਰਤਾਂਤ ਕਰਨਾ ਵੀ ਇਸ ਨਿਰਣੈ ਦੀ ਪ੍ਰੋੜਤਾ ਕਰਦਾ ਹੈ। ਗੁਰੂ ਨਾਨਕ ਜੀ ਵਲੋਂ ਪਹਿਲਾਂ ਦਰਸਾਏ ਸਿੱਖੀ ਦੇ ਕੁਝ ਮੁੱਢਲੇ ਨਿਯਮਾਂ ਦਾ ਦੂਜੇ ਨਾਨਕ ਜੀ ਨੇ ਹੋਰ ਵਧੇਰੇ ਵਿਸਥਾਰ ਕੀਤਾ ਹੈ।

ਉਪਰ ਦਿਤੀਆਂ ਸਮਾਨਤਾਵਾਂ ਤਾਂ ਹੀ ਸੰਭਵ ਹਨ ਜੇ ਦੂਜੇ ਨਾਨਕ ਜੀ ਪਾਸ ਗੁਰੂ ਨਾਨਕ ਜੀ ਦੀ ਬਾਣੀ ਸੀ ਅਤੇ ਉਹ ਉਹਨਾਂ ਰਚਨਾਵਾਂ ਰਾਹੀਂ ਬਹੁਤ ਪ੍ਰੇਰਿਤ ਹੋਏ ਸਨ। ਨਿਸਚੈ ਹੀ ਉਹ ਆਪ ਵੀ ਗੁਰੂ ਨਾਨਕ ਜੀ ਦੀ ਬਾਣੀ ਦਾ ਰੋਜ਼ਾਨਾ ਪਾਠ ਕਰਦੇ ਹੋਣਗੇ ਅਤੇ ਸਿੱਖੀ ਦੇ ਸੰਦੇਸ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਲਈ ਆਪਣੇ ਸਾਰੇ ਗੁਰੂ-ਕਾਲ (੧੫੩੯-੧੫੫੨ ਤੱਕ) ਵਿਚ ਇਸ ਬਾਣੀ ਉਪਰ ਪੂਰੀ ਤਰ੍ਹਾਂ ਨਿਰਭਰ ਰਹੇ ਹੋਣਗੇ।

*******************

# ੧੩. ਦੂਜੇ ਨਾਨਕ ਦੀਆਂ ਵਿਸ਼ੇਸ਼ਤਾਈਆਂ

੧੫੦੪ – ੧੫੫੨

| | |
|---|---|
| ਜਨਮ: | ਮਾਰਚ ੩੧, ੧੫੦੪ |
| ਜਨਮ ਸਥਾਨ: | ਪਿੰਡ ਸਰਾਏ ਨਾਗਾ, ਮੱਤੈ ਕੀ ਸਰਾਏ, ਪੰਜਾਬ |
| ਮਾਤਾ ਪਿਤਾ: | ਪਿਤਾ ਜੀ – ਬਾਬਾ ਫੇਰੂ ਜੀ<br>ਮਾਤਾ ਜੀ – ਮਾਤਾ ਰਾਮੋ ਜੀ |
| ਸੁਪਤਨੀ | ਮਾਤਾ ਖੀਵੀ ਜੀ, ਸ਼ਾਦੀ ਜਨਵਰੀ, ੧੫੨੦ |
| ਬੱਚੇ: | ਦੋ ਲੜਕੇ (ਦਾਸੂ ਅਤੇ ਦਾਤੂ)<br>ਦੋ ਲੜਕੀਆਂ (ਅਮਰੋ ਅਤੇ ਅਨੋਖੀ). |
| ਗੁਰਗੱਦੀ: | ਸਤੰਬਰ ੭, ੧੫੩੯ (ਆਯੂ ੩੫ ਸਾਲ). |
| ਦੂਸਰੇ ਗੁਰੂ ਨੂੰ ਗੁਰਗੱਦੀ: | ਜਨਵਰੀ ੨੨, ੧੫੫੨ (ਆਯੂ ੪੮ ਸਾਲ). |
| ਜੋਤੀ ਜੋਤ ਸਮਾਉਣਾ | ਮਾਰਚ ੨੯, ੧੫੫੨ (ਆਯੂ ੪੮ ਸਾਲ). |
| ਵਿਸ਼ੇਸ਼ਤਾਵਾਂ | ਆਪਣੇ ਜੀਵਨ ਅਤੇ ਵਿਵਹਾਰ ਰਾਹੀਂ, ਗੁਰੂ ਅੰਗਦ ਜੀ ਨੇ ਮਨੁੱਖਤਾ ਪ੍ਰਤੀ ਨਿਸ਼ਕਾਮ ਸੇਵਾ, ਗੁਰੂ ਸ਼ਬਦ ਅਤੇ ਰੱਬ ਦੀ ਰਜ਼ਾ ਪ੍ਰਤੀ ਸੰਪੂਰਨ ਅਧੀਨਗੀ ਅਤੇ ਫ਼ਜ਼ੂਲ ਅਤੇ ਬੇਈਮਾਨ ਵਿਵਹਾਰ ਪ੍ਰਤੀ ਹਰ ਤਰ੍ਹਾਂ ਅਸਹਿਮਤੀ ਦਾ ਪ੍ਰਗਟਾਵਾ ਕੀਤਾ।<br>ਗੁਰੂ ਅੰਗਦ ਜੀ ਵਲੋਂ:<br>• ੬੩ ਸ਼ਬਦ ਅਤੇ ਸਲੋਕ, ਸ੍ਰੀ ਗੁਰੂ ਗਰੰਥ ਸਾਹਿਬ ਵਿਚ ਦਰਜ ਹਨ।<br>▪ ਗੁਰਮੁਖੀ ਲਿੱਪੀ ਦੀ ਮੌਜੂਦਾ ਬਣਤਰ ਤਿਆਰ ਕੀਤੀ।<br>▪ ਲੰਗਰ ਦੀ ਪ੍ਰਥਾ ਨੂੰ ਚਲਦਾ ਰਖਿਆ ਅਤੇ ਵਿਕਾਸ ਕੀਤਾ।<br>▪ ਦੂਰ ਦੁਰਾਡੇ ਦੀ ਯਾਤਰਾ ਕੀਤੀ ਅਤੇ ਸਿੱਖੀ ਦੀਆਂ ਸਿਖਿਆਵਾਂ, ਵਰਤਾਰੇ ਅਤੇ ਬੇਹਤਰੀ ਲਈ ਅਨੇਕਾਂ ਨਵੇਂ ਕੇਂਦਰ ਸਥਾਪਤ ਕੀਤੇ।<br>▪ ਅਧਿਆਤਮਿਕ ਵਿਕਾਸ ਦੇ ਨਾਲ ਸਰੀਰਕ ਤੰਦਰੁਸਤੀ ਲਈ ਮੱਲ ਅਖਾੜੇ ਦੀ ਪ੍ਰਥਾ ਸ਼ੁਰੂ ਕੀਤੀ। |

# ਤੀਸਰੇ ਨਾਨਕ

## ਗੁਰੂ ਅਮਰਦਾਸ ਜੀ

# ੧੪. ਤੀਜੇ ਨਾਨਕ ਦਾ ਮੁੱਢਲਾ ਜੀਵਨ

**੧੪੭੯** *(ਜਨਮ):* ਗੁਰੂ ਅਮਰਦਾਸ ਜੀ, ਤੀਜੇ ਨਾਨਕ, ਦਾ ਜਨਮ ੫ ਮਈ, ੧੪੭੯ ਨੂੰ ਪਿੰਡ ਬਾਸਰਕੇ ਵਿਚ ਹੋਇਆ, ਜੋ ਅੰਨ੍ਰਿਤਸਰ ਤੋਂ ਪੰਜ ਮੀਲ ਦੂਰੀ ਤੇ ਹੈ। (ਕੁਝ ਲੇਖਕ ਇਸ ਤਾਰੀਖ ਨੂੰ ਅਪ੍ਰੈਲ, ੧੪੭੯ ਦਸਦੇ ਹਨ) ਆਪ ਜੀ ਦੇ ਪਿਤਾ ਜੀ ਤੇਜ ਭਾਨ ਅਤੇ ਮਾਤਾ ਸੁਲਖਣੀ ਦੇਵੀ ਸੀ। ਤੇਜ ਭਾਨ ਕੁਝ ਜ਼ਮੀਨ ਦੇ ਮਾਲਕ ਸੀ। ਉਹ ਖੇਤੀ ਕਰਕੇ ਆਪਣਾ ਗੁਜ਼ਾਰਾ ਕਰਦੇ ਸਨ। ਉਹ ਇਕ ਕਰਿਆਨੇ ਦੀ ਦੁਕਾਨ ਵੀ ਚਲਾਉਂਦੇ ਸਨ। ਭਾਈ ਅਮਰਦਾਸ ਦੇ ਚਾਰ ਭਰਾ ਸਨ।

**੧੫੦੩** *(ਆਯੂ ੨੪ ਸਾਲ):* ਭਾਈ ਅਮਰਦਾਸ ਦੀ ਸ਼ਾਦੀ ਮਾਤਾ ਮਨਸਾ ਦੇਵੀ ਨਾਲ ਹੋਈ ਅਤੇ ਚਾਰ ਬੱਚੇ ਹੋਏ – ਦੋ ਧੀਆਂ, ਬੀਬੀ ਦਾਨੀ ਅਤੇ ਬੀਬੀ ਭਾਨੀ (ਜਿਸਦੀ ਸ਼ਾਦੀ ਬਾਅਦ ਵਿਚ ਗੁਰੂ ਰਾਮਦਾਸ ਜੀ ਨਾਲ ਹੋਈ)। ਆਪ ਜੀ ਦੇ ਦੋ ਪੁੱਤਰ ਸਨ – ਬਾਬਾ ਮੋਹਨ ਅਤੇ ਬਾਬਾ ਮੋਹਰੀ।

**੧੫੨੧** *(ਆਯੂ ੪੨ ਸਾਲ)*: ਭਾਈ ਅਮਰਦਾਸ ਇਕ ਧਾਰਮਿਕ ਵਿਅੱਕਤੀ ਸਨ। ਆਪਣੇ ਪਿਤਾ ਦੀ ਤਰ੍ਹਾਂ, ਉਹ ਹਿੰਦੂ ਧਰਮ ਦੇ ਰਸਮਾਂ ਰਿਵਾਜਾਂ ਦੀ ਬਹੁਤ ਸ਼ਰਧਾ ਨਾਲ ਪਾਲਣਾ ਕਰਦੇ ਸਨ। ਵੇਦਾਂ ਦੇ ਮੰਤਰਾਂ ਦੀ ਪਾਠ ਪੂਜਾ ਕਰਨਾ, ਬ੍ਰਾਹਮਣਾਂ ਨੂੰ ਦਾਨ ਦੇਣਾ, ਹਿੰਦੂ ਦੇਵੀ ਦੇਵਤਿਆਂ ਦੀ ਪੂਜਾ ਕਰਨਾ, ਧਾਰਮਿਕ ਉਤਸਵਾਂ ਦਾ ਮਨਾਉਣਾ, ਅਤੇ ਹਿੰਦੂ ਜਾਤ ਪਾਤ ਨੂੰ ਮੰਨਣਾ ਭਾਈ ਅਮਰਦਾਸ ਦੇ ਰੋਜਾਨਾ ਜੀਵਨ ਦਾ ਅੰਗ ਬਣ ਗਿਆ ਸੀ। ੧੫੨੧ ਵਿਚ, ਆਪ ਜੀ ਪਹਿਲੀ ਵਾਰ ਹਰਿਦਵਾਰ ਵਿਚ ਇਸ਼ਨਾਨ ਕਰਨ ਲਈ ਗਏ ਅਤੇ ਹੋਰ ਤੀਰਥਾਂ ਤੇ ਵੀ ਗਏ ਤਾਕਿ ਪਹਿਲੇ ਜਨਮਾਂ ਦੇ ਪਾਪਾਂ ਦਾ ਨਾਸ਼ ਹੋ ਸਕੇ। ਇਸਤੋਂ ਬਾਅਦ ਉਹ ਹਰ ਸਾਲ ਤੀਰਥ ਸਥਾਨਾਂ ਤੇ ਜਾਇਆ ਕਰਦੇ ਸਨ।




**੧੫੪੧** *(ਆਯੂ ੬੨ ਸਾਲ)*: ਹਰਿਦਵਾਰ ਦੀ ਇੱਕਵੀਂ ਯਾਤਰਾ ਸਮੇਂ ਭਾਈ ਅਮਰਦਾਸ ਇਕ ਬ੍ਰਾਹਮਣ ਦੀ ਸਰਾਏ ਵਿਚ ਠਹਿਰੇ। ਉਥੇ ਰਹਿਣ ਸਮੇਂ ਇਕ ਸੰਨਿਆਸੀ ਦੀ ਅਮਰਦਾਸ ਜੀ ਨਾਲ ਨੇੜਤਾ ਹੋ ਗਈ। ਭਾਈ ਅਮਰਦਾਸ ਦੇ ਸਧਾਰਨ ਸੁਭਾਓ ਕਾਰਨ, ਉਸ ਸੰਨਿਆਸੀ ਨੇ ਬਹੁਤ ਸਮਾਂ ਭਾਈ ਅਮਰਦਾਸ ਨਾਲ ਗੁਜ਼ਾਰਿਆ ਅਤੇ ਕਾਫੀ ਦੇਰ ਤਕ ਗਲ ਬਾਤ ਕੀਤੀ। ਦੋਨੋ ਕੁਝ ਦਿਨ ਉਥੇ ਇਕੱਠੇ

ਰਹੇ। ਜਦ ਉਹ ਜਾਣ ਲੱਗੇ ਤਾਂ ਸੰਨਿਆਸੀ ਨੇ ਭਾਈ ਅਮਰਦਾਸ ਦੇ ਗੁਰੂ (ਅਧਿਆਤਮਿਕ ਸਿਖਿਅਕ) ਦਾ ਨਾਮ ਪੁਛਿਆ। ਭਾਈ ਅਮਰਦਾਸ ਨੇ ਕਿਹਾ ਕਿ ਉਹ ਹਾਲੇ ਤੱਕ ਸਹੀ ਗੁਰੂ ਨਹੀਂ ਲੱਭ ਸਕੇ। ਇਹ ਸੁਣ ਕੇ ਉਹ ਸੰਨਿਆਸੀ ਨਾਰਾਜ਼ ਹੋ ਗਿਆ। ਉਸਨੇ ਇਕ ਨਿਗੁਰੇ ਨਾਲ ਸਮਾ ਬਤੀਤ ਕਰਨ ਦਾ ਪਛਤਾਵਾ ਕੀਤਾ। ਉਸਦਾ ਵਿਸ਼ਵਾਸ ਸੀ ਕਿ ਉਸਨੇ ਭਾਈ ਅਮਰਦਾਸ ਨਾਲ ਵਿਅਰਥ ਸਮਾਂ ਗੁਜ਼ਾਰਿਆ ਸੀ। ਹਿੰਦੂ ਹੋਣ ਦੇ ਨਾਤੇ, ਉਸ ਸੰਨਿਆਸੀ ਦਾ ਪੱਕਾ ਵਿਸ਼ਵਾਸ ਸੀ ਕਿ ਇਕ ਗੁਰੂ ਧਾਰਨ ਕੀਤੇ ਬਗੈਰ ਕੋਈ ਵੀ ਵਿਅੱਕਤੀ ਅਧਿਆਤਮਿਕ ਜਾਗਰੁਕਤਾ ਅਤੇ ਮੁਕਤੀ ਪ੍ਰਾਪਤ ਬਹੀਂ ਕਰ ਸਕਦਾ। ਬੜੀ ਨਿਰਾਸਤਾ ਨਾਲ ਉਸਨੇ ਭਾਈ ਅਮਰਦਾਸ ਦਾ ਸਾਥ ਛੱਡ ਦਿਤਾ। ਇਸ ਘਟਨਾ ਦਾ ਭਾਈ ਅਮਰਦਾਸ ਦੇ ਮਨ ਤੇ ਬਹੁਤ ਗਹਿਰਾ ਅਸਰ ਹੋਇਆ।

******************

# ੧੫. ਸਿੱਖ ਬਣਨਾ

**੧੫੪੧** (*ਆਯੂ ੬੨ ਸਾਲ*): ਉਸ ਸੰਨਿਆਸੀ ਵਲੋਂ ਨਿਗੁਰੇ ਹੋਣ ਬਾਰੇ ਕੀਤੀ ਟਿਪਣੀ ਹਾਲੇ ਵੀ ਭਾਈ ਅਮਰਦਾਸ ਨੂੰ ਤਲਖੀ ਦੇ ਰਹੀ ਸੀ। ਭਾਈ ਅਮਰਦਾਸ ਕਿਸੇ ਯੋਗ ਗੁਰੂ ਦੀ ਭਾਲ ਵਿਚ ਹਾਲੋਂ-ਬੇਹਾਲ ਹੋ ਰਹੇ ਸਨ ਤਾਂਕਿ ਉਹ ਕਿਸੇ ਯੋਗ ਗੁਰੂ ਦੀ ਅਧਿਆਤਮਿਕ ਅਗਵਾਈ ਲੈ ਸਕਨ ਅਤੇ ਰੂਹਾਨੀਅਤ ਹਾਸਲ ਕਰ ਸਕਨ। ਉਹਨਾਂ ਦੇ ਧਿਆਨ ਵਿੱਚ ਅਜਿਹਾ ਕੋਈ ਨਹੀਂ ਸੀ ਆ ਰਿਹਾ ਜਿਸਨੂੰ ਉਹ ਆਪਣਾ ਗੁਰੂ ਬਣਾ ਸਕਨ। ਇਕ ਰਾਤ, ਉਹ ਬਿਲਕੁਲ ਸੌਂ ਹੀ ਨਾ ਸਕੇ। ਅਗਲੀ ਸਵੇਰ ਉਹਨਾਂ ਨੂੰ ਇਕ ਮਧੁਰ ਆਵਾਜ਼ ਵਿਚ ਗਾਇਆ ਜਾ ਰਿਹਾ ਇਹ ਸ਼ਬਦ ਸੁਨਾਈ ਦਿਤਾ:

> ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ॥
> ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ ॥੧॥
> ਚਿਤ ਚੇਤਸਿ ਕੀ ਨਹੀ ਬਾਵਰਿਆ ॥ ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥ ਰਹਾਉ ॥
>
> ਮਾਰੂ ਮਹਲਾ ੧ ਘਰੁ ੧, ਅੰਗ ੯੯੦

> **ਅਲੰਕਾਰਕ ਅਰਥ:** ਹੇ ਹਰੀ! ਤੇਰੇ ਗੁਣਾਂ ਦਾ ਅੰਤ ਨਹੀਂ ਪੈ ਸਕਦਾ। ਤੂੰ ਅਚਰਜ ਖੇਡ ਰਚੀ ਹੈ ਕਿ ਤੇਰੀ ਕੁਦਰਤਿ ਵਿਚ ਜੀਵਾਂ ਦਾ ਆਚਰਨ, ਮਾਨੋ, ਕਾਗ਼ਜ਼ ਹੈ, ਮਨ ਦਵਾਤ ਹੈ। ਉਸ ਬਣ ਰਹੇ ਆਚਰਨ-ਕਾਗ਼ਜ਼ ਉਤੇ ਮਨ ਦੇ ਸੰਸਕਾਰਾਂ ਦੀ ਸਿਆਹੀ ਨਾਲ ਚੰਗੇ ਮੰਦੇ, ਨਵੇਂ ਲੇਖ ਲਿਖੇ ਜਾ ਰਹੇ ਹਨ। ਭਾਵ, ਮਨ ਵਿਚ ਹੁਣ ਤਕ ਦੇ ਇਕੱਠੇ ਹੋਏ ਸੰਸਕਾਰਾਂ ਦੀ ਪ੍ਰੇਰਨਾ ਨਾਲ ਜੀਵ ਜੇਹੜੇ ਨਵੇਂ ਚੰਗੇ ਮੰਦੇ ਕੰਮ ਕਰਦੇ ਹਨ, ਉਹ ਕੰਮ ਆਚਰਨ-ਰੂਪ ਕਾਗ਼ਜ਼ ਉਤੇ ਨਵੇਂ ਚੰਗੇ ਮੰਦੇ ਸੰਸਕਾਰ ਉੱਕਰਦੇ ਜਾਂਦੇ ਹਨ। ਇਸ ਤਰ੍ਹਾਂ ਪਿਛਲੇ ਕੀਤੇ ਕਰਮਾਂ ਦੇ ਸੰਸਕਾਰਾਂ ਦਾ ਇਕੱਠ-ਰੂਪ ਸੁਭਾਉ ਜਿਉਂ ਜਿਉਂ ਜੀਵਾਂ ਨੂੰ ਪ੍ਰੇਰਦਾ ਹੈ ਤਿਵੇਂ ਤਿਵੇਂ ਹੀ ਉਹ ਜੀਵਨ-ਰਾਹ ਤੇ ਤੁਰ ਸਕਦੇ ਹਨ।1।
>
> ਹੇ ਕਮਲੇ ਮਨ! ਤੂੰ ਪਰਮਾਤਮਾ ਨੂੰ ਕਿਉਂ ਯਾਦ ਨਹੀਂ ਕਰਦਾ? ਜਿਉਂ ਜਿਉਂ ਤੂੰ ਪਰਮਾਤਮਾ ਨੂੰ ਵਿਸਾਰ ਰਿਹਾ ਹੈਂ, ਤਿਉਂ ਤਿਉਂ ਤੇਰੇ ਅੰਦਰੋਂ ਗੁਣ ਘਟਦੇ ਜਾ ਰਹੇ ਹਨ।1। ਰਹਾਉ।

ਦੂਜੇ ਨਾਨਕ ਗੁਰੂ ਅੰਗਦ ਦੇਵ ਜੀ ਦੀ ਬੇਟੀ, ਬੀਬੀ ਅਮਰੋ ਜੀ, ਗੁਰੂ ਨਾਨਕ ਜੀ ਦੇ ਸ਼ਬਦ, ਜੋ ਉੱਪਰ ਦਿਤਾ ਗਿਆ ਹੈ, ਦਾ ਗਾਇਨ ਕਰ ਰਹੀ ਸੀ। ਬੀਬੀ ਅਮਰੋ ਜੀ ਦੀ ਸ਼ਾਦੀ ਕੁਝ ਮਹੀਨੇ ਪਹਿਲਾਂ ਹੀ ਭਾਈ ਅਮਰਦਾਸ ਦੇ ਭਤੀਜੇ ਨਾਲ ਹੋਈ ਸੀ। ਉਸਦੀ ਉਮਰ ਸਿਰਫ਼ ੧੫ ਸਾਲ ਦੀ ਸੀ। ਗੁਰੂ ਅੰਗਦ ਦੇਵ ਜੀ ਘਰ ਪਲਣ ਕਾਰਨ ਉਸਦਾ ਵਿਸ਼ੇਸ਼ ਧਿਆਨ ਗੁਰੂ ਨਾਨਕ ਦੇਵ ਜੀ ਦੀ ਅਤੇ ਦੂਜੇ ਨਾਨਕ (ਉਸਦੇ ਪਿਤਾ ਜੀ) ਦੀ ਬਾਣੀ ਪੜ੍ਹਨ ਵਿਚ ਬਣ ਗਿਆ ਸੀ। ਸ਼ਾਦੀ ਤੋਂ ਬਾਅਦ ਵੀ, ਬੀਬੀ ਅਮਰੋ ਨੇ ਸਵੇਰੇ ਜਲਦੀ ਉੱਠਣ ਅਤੇ ਬਾਣੀ ਪੜ੍ਹਨ ਦਾ ਰੁਝਾਨ ਜਾਰੀ ਰਖਿਆ ਸੀ।


ਇਸ ਸ਼ਬਦ ਦੀ ਰਚਨਾ ਅਪਨੀ ਮਾਤ ਭਾਸ਼ਾ ਪੰਜਾਬੀ ਵਿਚ ਹੋਣ ਕਰਕੇ ਭਾਈ ਅਮਰਦਾਸ ਨੇ ਸ਼ਬਦ ਦੇ ਭਾਵ ਨੂੰ ਆਸਾਨੀ ਨਾਲ ਸਮਝ ਲਿਆ। ਸ਼ਬਦ ਵਿਚ ਦਸਿਆ ਗਿਆ ਸੀ ਕਿ ਕੀਤੇ ਕਰਮ ਇਕ ਕਾਗ਼ਜ਼ ਦੀ ਨਿਆਈਂ ਹਨ ਜਿਸ ਉੱਪਰ ਆਪਣੇ ਮਨ ਦੀ ਸਿਆਹੀ (ਸੋਚਾਂ) ਨਾਲ ਚੰਗੇ ਜਾਂ ਮਾੜੇ ਕਰਮ ਲਿਖੇ ਜਾਂਦੇ ਹਨ। ਜੇ ਕੋਈ ਪ੍ਰਮਾਤਮਾ ਨੂੰ ਭੁਲਾ ਦੇਵੇ ਤਾਂ ਉਸਦੀਆਂ ਚੰਗਿਆਈਆ ਨਸ਼ਟ ਹੋ ਜਾਂਦੀਆਂ ਹਨ।




ਇਸ ਸ਼ਬਦ ਨੂੰ ਸੁਣਨ ਤੋਂ ਭਾਅਦ, ਭਾਈ ਅਮਰਦਾਸ ਨੇ ਬੀਬੀ ਅਮਰੋ ਕੋਲੋਂ ਉਸ ਸ਼ਬਦ ਬਾਰੇ ਪੁਛਿਆ ਜੋ ਉਸਨੇ ਹੁਣੇ ਹੀ ਸੁਣਿਆ ਸੀ। ਬੀਬੀ ਅਮਰੋ ਨੇ ਦਸਿਆ ਕਿ ਉਹ ਸ਼ਬਦ ਗੁਰੂ ਨਾਨਕ ਦੀ ਰਚਨਾ ਸੀ। ਜੋਤੀ ਜੋਤ ਸਮਾਉਣ ਤੋਂ ਪਹਿਲਾਂ, ਗੁਰੂ ਨਾਨਕ ਜੀ ਨੇ ਸਿੱਖਾਂ ਦੀ ਅਗਵਾਈ ਕਰਨ ਦੀ ਜ਼ਿੰਮੇਵਾਰੀ ਉਸਦੇ ਪਿਤਾ ਦੂਜੇ ਨਾਨਕ ਗੁਰੂ ਅੰਗਦ ਜੀ ਨੂੰ ਦਿਤੀ ਸੀ ਜੋ ਹੁਣ ਭੁੱਲੇ ਭਟਕੇ ਲੋਕਾ ਨੂੰ ਸੱਚਾ ਰਸਤਾ ਦਿਖਾ ਰਹੇ ਸਨ।

ਭਾਈ ਅਮਰਦਾਸ ਨੇ ਜਦ ਬਾਣੀ ਬਾਰੇ ਹੋਰ ਅੱਗੇ ਪੁਛਿਆ ਤਾਂ ਉਹਨਾਂ ਨੂੰ ਹੋਰ ਸ਼ਬਦਾਂ ਬਾਰੇ ਵੀ ਪਤਾ ਲਗਿਆ। ਭਾਈ ਅਮਰਦਾਸ ਨੂੰ ਪਤਾ ਚਲ ਗਿਆ ਕਿ ਮਾਯਾ ਪ੍ਰਤੀ ਕੀਤੇ ਕੰਮ ਹੀ ਬੰਧਨ ਬਣਦੇ ਹਨ। ਉਹਨਾਂ ਬੰਧਨਾਂ ਤੋਂ ਕੋਈ ਕਿਵੇ ਮੁਕਤ ਹੋ ਸਕੇ? ਪੰਜ ਔਗੁਣ – ਕਾਮ, ਕਰੋਧ, ਲੋਭ, ਮੋਹ ਅਤੇ ਹੰਕਾਰ ਹੀ ਮਨ ਨੂੰ ਵਿਗਾੜਦੇ ਹਨ। ਪਾਪ ਮਨ ਉੱਪਰ ਕਾਲਖ ਦਾ ਕੰਮ ਕਰਦੇ ਹਨ। ਔਗੁਣ ਚੰਗਿਆਈਆਂ ਨੂੰ ਢੱਕ ਲੈਂਦੇ ਹਨ ਅਤੇ ਚੰਗਿਆਈਆਂ ਨਾਲੋਂ ਵਧੇਰੇ ਤਾਕਤਵਰ ਬਣ ਜਾਂਦੇ ਹਨ। ਗੁਰੂ ਜੀ ਦੀ ਬਾਣੀ, ਜੋ ਗੁਰੂ ਜੀ ਦੇ ਸ਼ਬਦਾਂ ਵਿਚ ਰੱਬੀ ਸ਼ਬਦ ਹਨ, ਉਹ ਮਨ ਨੂੰ ਬਦਲ ਦਿੰਦੇ ਹਨ ਅਤੇ ਇਹਨਾਂ ਔਗੁਣਾਂ ਨੂੰ ਦੂਰ ਕਰ ਦਿੰਦੇ ਹਨ।

ਭਾਈ ਅਮਰਦਾਸ ਜੀ ਦੂਜੇ ਨਾਨਕ ਗੁਰੂ ਅੰਗਦ ਜੀ ਨੂੰ ਇਕ ਰਿਸ਼ਤੇਦਾਰ ਵਜੋਂ ਜਾਣਦੇ ਸਨ। ਭਾਈ ਅਮਰਦਾਸ ਆਪਣੇ ਭਤੀਜੇ ਦੇ ਵਿਆਹ ਦੀ ਬਰਾਤ ਵਿਚ ਖਡੂਰ ਗਏ ਸਨ, ਜੋ ਉਸ ਵੇਲੇ ਸਿੱਖੀ ਦਾ ਮੁੱਖ ਕੇਂਦਰ ਸੀ। ਭਾਈ ਅਮਰਦਾਸ ਬੀਬੀ ਅਮਰੋ ਨੂੰ ਨਾਲ ਲੈ ਕੇ ਖਡੂਰ ਗਏ। ਉਥੇ ਪਹੁੰਚ ਕੇ, ਭਾਈ ਅਮਰਦਾਸ ਨੇ ਦੂਜੇ ਨਾਨਕ ਗੁਰੂ ਅੰਗਦ ਜੀ ਨੂੰ ਮਿਲੇ ਅਤੇ ਬੜੀ ਤੀਬਰ ਭਾਵਨਾ ਨਾਲ ਬੇਨਤੀ ਕੀਤੀ ਕਿ ੳਹਨਾਂ ਨੂੰ ਸੇਵਕ ਬਨਾ ਲੈਣ। ਉਸ ਵੇਲੇ ਤੱਕ ਦੂਜੇ ਨਾਨਕ ਗੁਰੂ ਅੰਗਦ ਜੀ ਦੇ ਸਿੱਖ ਸੇਵਕ ਬਹੁਤ ਵੱਧ ਚੁਕੇ ਸਨ।




ਭਾਈ ਅਮਰਦਾਸ ਉਸ ਵੇਲੇ ੬੨ ਸਾਲਾਂ ਦੇ ਸਨ। ਬੁਢਾਪੇ ਨੇ ਆਪ ਨੂੰ ਗੁਰੂ ਦਾ ਸ਼ਬਦ ਮੰਨਣ ਅਤੇ ਸਿੱਖ ਬਣਨ ਤੋਂ ਰੋਕਿਆ ਨਹੀਂ। ਉਹਨਾਂ ਨੇ ਖਡੂਰ ਵਿਚ ਹੋਰ ਸਮਾਂ ਬਿਤਾਉਣ ਦਾ ਮਨ ਬਣਾ ਲਿਆ। ਭਾਈ ਅਮਰਦਾਸ ਸੰਗਤ ਵਿਚ ਬੈਠ ਕੇ ਬਾਣੀ ਦੀ ਵਿਆਖਿਆ ਸੁਣਦੇ ਅਤੇ ਹਿੰਦੂ ਧਰਮ ਦੇ ਪਾਲਣ ਦੀ ਬਜਾਏ ਸਿੱਖ ਧਰਮ ਦੀਆ ਸਿਖਿਆਵਾਂ ਪ੍ਰਤੀ ਜਾਨਣ ਲਈ ਦੂਜੇ ਨਾਨਕ ਨਾਲ ਵਾਰਤਾਲਾਪ ਵੀ ਕਰਦੇ। ਖੂਹ ਤੋਂ ਰੋਜ਼ਾਨਾ ਪਾਣੀ ਲਿਆਉਣਾ, ਲੰਗਰ ਪਕਾਉਣਾ, ਬਰਤਨ ਸਾਫ਼ ਕਰਨੇ, ਛੋਟੇ ਤੋਂ ਛੋਟੇ ਕੰਮ ਨੂੰ ਵੀ ਹਸਦਿਆਂ ਕਰਨਾ ਅਤੇ ਸੰਗਤ ਦੀ ਸੇਵਾ ਕਰਦਿਆਂ ਅਤੇ ਬਾਣੀ ਪੜ੍ਹਦਿਆਂ ਸਮਾਂ ਗੁਜ਼ਾਰਨਾ ਆਪ ਦਾ ਰੋਜ਼ਾਨਾ ਰੁਝਾਨ ਬਣ ਗਿਆ।

ਭਾਈ ਅਮਰਦਾਸ ਪੰਗਤ ਵਿੱਚ ਸਭ ਨਾਲ ਬੈਠ ਕੇ ਭੋਜਨ ਛਕਦੇ ਸਨ। ਇਸ ਤਰ੍ਹਾਂ ਕਰਨ ਨਾਲ ਉਹਨਾਂ ਦੇ ਪੁਰਾਨੇ ਉੱਚੀ-ਨੀਵੀਂ ਜਾਤੀ ਵਾਲੇ ਅਤੇ ਅਪਨੇ ਖਤਰੀ (ਉੱਚੀ ਜਾਤੀ ਦੇ) ਹੋਣ ਦੇ ਸੰਸਕਾਰ ਮਿਟ ਗਏ। ਉਹ ਅਪਨਾ ਸਮਾਂ ਗੁਰੂ ਜੀ ਦੀ ਸੰਗਤ, ਬਾਣੀ ਸੁਨਣ ਅਤੇ ਸਮਝਣ ਵਿੱਚ ਬਿਤਾਨ ਲਗੇ। ਉਹਨਾਂ ਦਾ ਝੁਕਾ ਬਾਣੀ ਦੀ ਕਵਿਤਾ ਸ਼ੈਲੀ ਵਲ ਵੀ ਗਿਆ ਅਤੇ ੭੩ ਸਾਲ ਦੀ ਉਮਰ ਵਿੱਚ ਆਤਮਿਕ ਗੀਤ ਲਿਖਨ ਵਿੱਚ ਨਿਪੁੰਨ ਹੋ ਗਏ।

*******************

# ੧੯. ਨਿਰਸੁਆਰਥ ਸੇਵਾ ਤੋਂ ਗੁਰਿਆਈ ਤੱਕ

**੧੫੫੨** *(ਆਯੂ ੭੩ ਸਾਲ):* ਬੇਸ਼ੱਕ ਕਿਧਰੇ ਗਰਮੀ, ਸਿਆਲਾ, ਬਾਰਸ਼ ਜਾ ਸੂਰਜ ਚਮਕਦਾ ਹੁੰਦਾ, ਭਾਈ ਅਮਰਦਾਸ ਗੁਰੂ ਜੀ ਦੇ ਸਵੇਰ ਦੇ ਇਸ਼ਨਾਨ ਲਈ ਪਾਣੀ ਲਿਆਉਣ ਵਿਚ ਕਦੇ ਵੀ ਨਾ ਚੁਕਦੇ। ਆਪ ਨੇ ਇਹ ਸੇਵਾ ੬੨ ਸਾਲ ਦੀ ਉਮਰ ਤੋਂ ਸ਼ੁਰੂ ਕੀਤੀ ਸੀ। ਆਪ ਨੇ ਇਹ ਸੇਵਾ ੧੧ ਸਾਲ ਨਿਬਾਹੀ। ਆਹਿਸਤਾ ਆਹਿਸਤਾ, ਜਦ ਆਪ ਦੀ ਉਮਰ ਵੱਡੀ ਹੋ ਗਈ, ਆਪ ਕਈ ਵਾਰ ਰਸਤੇ ਵਿਚ ਲੜਖੜਾਏ ਹੋਣਗੇ। ਬੇਸਮਝ ਲੋਕਾ ਤੋਂ ਉਹਨਾਂ ਨੇ ਕਈ ਤਰ੍ਹਾਂ ਦੀਆਂ ਗੱਲਾਂ ਸੁਣੀਆਂ ਹੋਣ ਗੀਆਂ ਜੋ ਹੈਰਾਨ ਹੁੰਦੇ ਸਨ ਕਿ ਇਕ ਬੁੱਢਾ ਆਦਮੀ ਇਸਤਰ੍ਹਾਂ ਦੀ ਸੇਵਾ ਕਿਉਂ ਕਰਦਾ ਸੀ। ਪਰ ਭਾਈ ਅਮਰਦਾਸ ਗੁਰੂ ਜੀ ਦੀ ਇਸ ਸੇਵਾ ਵਿਚ ਇਤਨੇ ਵਿਅੱਸਤ ਹੁੰਦੇ ਸਨ ਕਿ ਉਹ ਇਹਨਾਂ ਗੱਲਾਂ ਵੱਲ ਕਦੇ ਵੀ ਧਿਆਨ ਨਹੀਂ ਦਿੰਦੇ ਸਨ।

ਇਕ ਅਜਿਹਾ ਵਾਕਿਆ ਸਿੱਖ ਇਤਿਹਾਸ ਵਿਚ ਅੰਕਤ ਹੋਇਆ ਮਿਲਦਾ ਹੈ। ਸਰਦੀ ਦੀ ਰੁਤ ਵਿਚ ਇਕ ਸਵੇਰੇ, ਭਾਈ ਅਮਰਦਾਸ ਇਕ ਜੁਲਾਹੇ ਦੇ ਘਰ ਅੱਗੇ ਲਕੜੀ ਦੀ ਇਕ ਕਿੱਲੀ ਨਾਲ ਲੜਖੜਾ ਗਏ। ਜਦ ਉਹ ਪਾਣੀ ਦੀ ਗਾਗਰ ਨੂੰ ਆਪਣੇ ਸਿਰ ਉੱਪਰ ਸੰਭਾਲ ਰਹੇ ਸਨ ਤਾਂ ਜੁਲਾਹੇ ਦੀ ਪਤਨੀ ਜਾਗ ਪਈ। ਜੁਲਾਹੇ ਨੇ ਉੱਚੀ ਨਾਲ ਪੁਛਿਆ ਕਿ ਇਸ ਵੇਲੇ ਸੁਬਹ ਸਵੇਰੇ ਕੌਣ ਸ਼ੋਰ ਮਚਾ ਰਿਹਾ ਹੈ। ਜੁਲਾਹੇ ਦੀ ਪਤਨੀ ਨੇ ਉਸਨੂੰ ਚੁੱਪ ਰਹਿਣ ਲਈ ਕਿਹਾ ਅਤੇ ਕਿਹਾ ਕਿ ਇਹ ਉਸ ਬੇਘਰੇ ਅਮਰੂ ਤੋਂ ਬਿਨਾਂ ਹੋਰ ਕੌਣ ਹੋ ਸਕਦਾ ਹੈ। ਉਸ ਔਰਤ ਨੇ ਆਪਣੇ ਪਤੀ ਨੂੰ ਰੌਲੇ ਦਾ ਧਿਆਨ ਛਡ ਕੇ ਸੌਂ ਜਾਣ ਲਈ ਕਿਹਾ। ਭਾਈ ਅਮਰਦਾਸ ਨੇ ਉਹਨਾਂ ਦੀ ਗਲ ਬਾਤ ਨੂੰ ਸੁਣਿਆ ਪਰ ਕੋਈ ਧਿਆਨ ਨਾ ਦਿਤਾ ਅਤੇ ਪਾਣੀ ਨੂੰ ਚੁੱਕ ਕੇ ਗੁਰੂ ਜੀ ਪਾਸ ਇਸ਼ਨਾਨ ਲਈ ਆਉਣਾ ਜਾਰੀ ਰਖਿਆ।




ਇਸ ਘਟਨਾ ਦੀ ਜਾਣਕਾਰੀ ਜਲਦੀ ਹੀ ਗੁਰੂ ਜੀ ਕੋਲ ਪਹੁੰਚੀ। ਗੁਰੂ ਜੀ ਨੇ ਪਹਿਲਾਂ ਵੀ ਬੜਿਆਂ ਕੋਲੋਂ ਸੁਣਿਆ ਹੋਵੇਗਾ ਕਿ ਲੋਗ ਭਾਈ ਅਮਰਦਾਸ ਦੀ ਬੇਇਜ਼ਤੀ ਕਰਦੇ ਸਨ ਅਤੇ ਬੁਰਾ ਭਲਾ ਕਹਿੰਦੇ ਸਨ। ਭਾਈ ਅਮਰਦਾਸ ਦੇ ਠੰਢੇ ਵਿਵਹਾਰ, ਨੁਕਤਾ ਚੀਨੀ ਵੱਲ ਧਿਆਨ ਨਾ ਦੇਣਾ, ਸੇਵਾ ਪ੍ਰਤੀ ਸ਼ਰਧਾ-ਭਾਵਨਾ ਹੋਣਾ, ਗਹਿਰਾ ਗਿਆਨ ਅਤੇ ਬਾਣੀ ਦੀ ਸਮਜ ਹੋਣ ਸਦਕਾ ਗੁਰੂ ਜੀ ਬਹੁਤ ਪ੍ਰਭਾਵਤ ਸਨ। ਗੁਰੂ ਜੀ ਪੂਰਾ ਨਿਸ਼ਚਾ ਹੋ ਗਿਆ ਕਿ ਭਾਈ ਅਮਰਦਾਸ ਹੀ ਉਹਨਾਂ ਦੇ ਸਹੀ ਉਤਰਾਧਿਕਾਰੀ ਹੋ ਸਕਦੇ ਸਨ ਅਤੇ ਗੁਰੂ ਨਾਨਕ ਜੀ ਦੀਆਂ ਸਿਖਿਆਵਾਂ ਦਾ ਸਹੀ ਪਰਚਾਰ ਕਰ ਸਕਦੇ ਸਨ।

ਦੂਜੇ ਨਾਨਕ, ਗੁਰੂ ਅੰਗਦ ਜੀ ਨੇ ਭਾਈ ਅਮਰਦਾਸ ਨੂੰ ਮਾਰਚ ੧੫੫੨ ਵਿੱਚ ਸਿੱਖਾਂ ਦੀ ਅਗਵਾਈ ਦੀ


ਜ਼ਿੰਮੇਵਾਰੀ ਦੇ ਕੇ ਗੁਰਗੱਦੀ ਤੇ ਸੁਸ਼ੋਭਤ ਕੀਤਾ। ਗੁਰੂ ਅੰਗਦ ਜੀ ਨੇ ਭਾਈ ਅਮਰਦਾਸ ਨੂੰ ਉਹਨਾਂ ਦੀ ਸੇਵਾਵਾਂ, ਦੂਜੇ ਨਾਨਕ ਅਤੇ ਉਹਨਾਂ ਦੀ ਸਿਖਿਆਵਾਂ ਪ੍ਰਤੀ ਸ਼੍ਰਧਾ ਕਾਰਨ ਗੁਰਿਆਈ ਦਿੱਤੀ। ਗੁਰੂ ਅੰਗਦ ਜੀ ਨੇ ਭਾਈ ਅਮਰਦਾਸ ਨੂੰ ਸਿੱਖੀ ਦਾ ਕੇਂਦਰ ਖਡੂਰ ਤੋਂ ਗੋਇੰਦਵਾਲ ਬਦਲਣ ਲਈ ਕਿਹਾ। ਬਾਬਾ ਬੁੱਢਾ ਜੀ ਅਤੇ ਹੋਰ ਪ੍ਰਮੁੱਖ ਸਿੱਖ ਗੁਰੂ ਅਮਰਦਾਸ ਜੀ ਨਾਲ ਗੋਇੰਦਵਾਲ ਗਏ।

*******************

# ੧੭. ਬਾਦਸ਼ਾਹ ਅਕਬਰ ਕੋਲ ਬ੍ਰਾਹਮਣਾਂ ਦੀ ਸ਼ਿਕਾਇਤ

**੧੫੫੭** *(ਆਯੂ ੭੮ ਸਾਲ)*: ਗੁਰੂ ਅੰਗਦ ਜੀ ਦੇ ਸਪੁੱਤਰ ਬਾਬਾ ਦਾਤੂ ਦੀ ਖ਼ਾਹਸ਼ ਸੀ ਕਿ ਉਹ ਅਗਲਾ ਗੁਰੂ ਬਨਣ। ਪਰ ਦੂਜੇ ਨਾਨਕ ਗੁਰੂ ਅੰਗਦ ਜੀ ਨੇ ਭਾਈ ਅਮਰਦਾਸ ਨੂੰ ਤੀਜੇ ਨਾਨਕ ਵਜੋਂ ਸਿੱਖਾਂ ਦੀ ਅਗਵਾਈ ਕਰਨ ਲਈ ਹਰ ਤਰ੍ਹਾਂ ਸਹੀ ਅਤੇ ਯੋਗ ਸਮਝਿਆ। ਗੁਰੂ ਅੰਗਦ ਜੀ ਨੇ ਭਾਈ ਅਮਰਦਾਸ ਨੂੰ ਗੁਰਗੱਦੀ ਦੀ ਸੌਂਪਣਾ ਕਰ ਦਿਤੀ ਅਤੇ ਇਸ ਨਾਲ ਬਾਬਾ ਦਾਤੂ ਨਰਾਜ਼ ਹੋ ਗਏ ਸਨ।

ਹਿੰਦੂ ਬ੍ਰਾਹਮਣ ਵੀ ਸਿੱਖ ਗੁਰੂਆ ਨਾਲ (ਗੁਰੂ ਨਾਨਕ ਤੋਂ ਲੈ ਕੇ ਗੁਰੂ ਅਮਰਦਾਸ ਜੀ ਤੱਕ) ਨਾਰਾਜ਼ ਸਨ ਕਿਉਂਕਿ ਸਿੱਖ ਅਧਿਆਤਮਿਕ ਤੌਰ ਤੇ ਜਾਗਰੁਕ ਹੋ ਚੁਕੇ ਸਨ, ਬ੍ਰਾਹਮਣਾਂ ਦੇ ਝੂਠੇ ਦਾਅਵੇ ਅਤੇ ਫ਼ਜ਼ੂਲ ਰਸਮਾਂ ਨੂੰ ਸਮਝ ਗਏ ਸਨ। ਬ੍ਰਾਹਮਣ ਇਹ ਸਹਿਨ ਨਹੀਂ ਕਰ ਸਕੇ ਕਿ ਸਿੱਖ ਨੀਵੀਂ ਜਾਤੀ ਅਤੇ ਉੱਚ ਜਾਤੀ ਵਾਲਿਆਂ ਨੂੰ ਬਰਾਬਰ ਸਮਝਦੇ ਸਨ; ਇਥੋਂ ਤੱਕ ਕਿ ਉਹ ਭੋਜਨ ਵੀ ਇਕੱਠੇ ਬਹਿ ਕੇ ਛਕਦੇ ਸਨ। ਬ੍ਰਾਹਮਣਾਂ ਦੀ ਕਮਾਈ ਦੇ ਸਾਧਨ ਘਟ ਗਏ ਕਿਉਂਕਿ ਸਿੱਖ ਅਧਿਆਤਮਿਕ ਅਗਵਾਈ ਲਈ ਗੁਰੂ ਜੀ ਕੋਲ ਚਲੇ ਜਾਂਦੇ ਸਨ।




ਕੁੱਛ ਬ੍ਰਾਹਮਣਾਂ ਨੇ ਦਾਤੂ ਨੂੰ ਭੜਕਾਇਆ ਕਿ ਉਹ ਅਕਬਰ ਬਾਦਸ਼ਾਹ ਕੋਲ ਗੁਰੂ ਅਮਰਦਾਸ ਜੀ ਵਿਰੁੱਧ ਸ਼ਿਕਾਇਤ ਕਰੇ। ਗੁਰੂ ਜੀ ਨੇ ਭਾਈ ਜੇਠਾ (ਬਾਅਦ ਵਿੱਚ ਗੁਰੂ ਰਾਮਦਾਸ ਜੀ) ਨੂੰ, ਜੋ ਉਸ ਵੇਲੇ ੨੩ ਸਾਲਾਂ ਦੇ ਸਨ, ਸ਼ਿਕਾਇਤਾਂ ਦਾ ਉੱਤਰ ਦੇਣ ਲਈ ਬਾਦਸ਼ਾਹ ਅਕਬਰ ਪਾਸ ਜਾਣ ਲਈ ਨਿਯੁਕਤ ਕੀਤਾ। ਭਾਈ ਜੇਠਾ ਦੇ ਗੁਰੂ ਨਾਨਕ ਜੀ ਦੇ ਮਨੁੱਖਤਾ ਲਈ ਪਿਆਰ ਭਰੇ ਸੰਦੇਸ਼ ਨੂੰ ਸੁਣ ਕੇ ਬਾਦਸ਼ਾਹ ਬਹੁਤ ਪ੍ਰਭਾਵਤ ਹੋਇਆ। ਬਾਦਸ਼ਾਹ ਅਕਬਰ ਨੇ ਬ੍ਰਾਹਮਣਾਂ ਦੀ ਸਾਰੀ ਸ਼ਿਕਾਇਤਾਂ ਨੂੰ ਖਾਰਜ ਕਰ ਦਿਤਾ।

ਤੀਜੇ ਨਾਨਕ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਨੂੰ ਕਹਿ ਰਖਿਆ ਸੀ ਕਿ ਉਹ ਲੋਕਾਂ ਉੱਪਰ ਕੀਤੀਆਂ

ਜਾ ਰਹੀਆਂ ਦੁਖਦਾਇਕ ਵਧੀਕੀਆਂ ਨੂੰ ਰੋਕ ਪਾਉਣ ਬਾਰੇ ਬਾਦਸ਼ਾਹ ਅਕਬਰ ਨੂੰ ਜਾਣੂ ਕਰਵਾਉਣ। ਭਾਈ ਜੇਠਾ ਬਾਦਸ਼ਾਹ ਅਕਬਰ ਨੂੰ ਇਹ ਮਨਾਉਣ ਵਿਚ ਸਫ਼ਲ ਰਹੇ ਕਿ ਸਤੀ-ਪ੍ਰਥਾ ਨੂੰ ਖਤਮ ਕਰਨ ਲਈ ਸ਼ਾਹੀ ਹੁਕਮ ਜਾਰੀ ਕੀਤੇ ਜਾਣ। ਹਿੰਦੂ ਧਰਮ ਅਧੀਨ, ਵਿਧਵਾ ਨੂੰ ਪਤੀ ਦੀ ਮੌਤ ਵੇਲੇ ਉਸ ਦੇ ਨਾਲ ਹੀ ਜ਼ਿੰਦਾ ਜਲਾ ਦਿਆ ਕਰਦੇ ਸਨ। ਭਾਈ ਜੇਠਾ ਨੇ ਗੈਰ-ਮੁਸਿਲਮਾਨਾਂ ਨੂੰ ਤੀਰਥ ਸਥਾਨਾਂ ਉੱਪਰ ਜਾਣ ਦੇ ਲੱਗੇ ਟੈਕਸਾਂ ਦੇ ਕਾਨੂੰਨ ਤੋਂ ਰਾਹਤ ਦੇਣਾ ਵੀ ਮੰਨਜ਼ੂਰ ਕਰਵਾ ਲਿਆ।

******************

# ੧੮. ਪਹਿਲੇ ਪੰਗਤ, ਫਿਰ ਸੰਗਤ

ਗੁਰੂ ਨਾਨਕ ਜੀ ਨੇ ਲੰਗਰ ਦੀ ਪ੍ਰਥਾ ਸ਼ੁਰੂ ਕੀਤੀ ਸੀ ਜਿਥੇ ਕਿਸੇ ਵੀ ਜਾਤ ਪਾਤ ਜਾਂ ਸਮਾਜਕ ਸਥਿਤੀ ਦਾ ਧਿਆਨ ਕੀਤੇ ਬਿਨਾਂ ਸਾਰੇ ਇਕੱਠੇ ਬੈਠਣ ਅਤੇ ਮਿਲ ਕੇ ਖਾਣਾ ਖਾਣ। ਇਹ ਇਕ ਕ੍ਰਾਂਤੀਕਾਰੀ ਸੰਕਲਪ ਸੀ। ਹਿੰਦੂ ਧਰਮ ਨੇ ਭਾਰਤੀ ਸਮਾਜ ਨੂੰ ਚਾਰ ਜਾਤਾਂ ਵਿਚ ਵੰਡ ਰਖਿਆ ਸੀ। ਇਹ ਧਰਮ ਦੇ ਵਿਰੁੱਧ ਸੀ ਕਿ ਕੋਈ "ਨੀਵੀਂ" ਜਾਤੀ ਦਾ ਵਿਅੱਕਤੀ ਕਿਸੇ "ਉਚ ਜਾਤੀ" ਦੇ ਵਿਅੱਕਤੀ ਨਾਲ ਬੈਠੇ ਅਤੇ ਇਕੱਠੇ ਖਾਣਾ ਖਾਏ।

ਦੂਜੇ ਨਾਨਕ ਨੇ ਇਸ ਲੰਗਰ ਦੀ ਪ੍ਰਥਾ ਨੂੰ ਜਾਰੀ ਰਖਿਆ ਅਤੇ ਤੀਜੇ ਨਾਨਕ ਨੇ ਇਸਨੂੰ ਸਗੋਂ ਹੋਰ ਵਧੇਰੇ ਸਕਤੀਸਾਲੀ ਬਣਾਇਆ। ਉਹਨਾਂ ਦਾ ਹੁਕਮ ਸੀ ਕਿ ਪੰਗਤ ਵਿਚ ਬੈਠ ਕੇ ਲੰਗਰ ਛਕੇ ਬਿਨਾਂ ਕੋਈ ਵੀ ਸੰਗਤ ਵਿਚ ਨਹੀਂ ਬੈਠ ਸਕਦਾ। ਇਸ ਹੁਕਮ ਨੇ ਸੰਗਤ ਨੂੰ ਬਿਨਾਂ ਕਿਸੇ ਜਾਤ ਪਾਤ ਦਾ ਧਿਆਨ ਕੀਤਿਆ ਹਰ ਇਕ ਨੂੰ ਬਰਾਬਰ ਸਮਝਣ ਦਾ ਸੰਦੇਸ਼ ਹੋਰ ਅਸਰਦਾਇਕ ਬਣਾਇਆ।

ਬਹੁਤੇ ਲੋਕ ਸਦੀਆਂ ਪੁਰਾਣੀ ਜਾਤ ਪਾਤ ਦੇ ਵਖਰੇਵੇਂ ਦੀ ਪਿਰਤ ਨੂੰ ਆਹਿਸਤਾ- ਆਹਿਸਤਾ ਛੱਡਦੇ ਸਨ। "ਉੱਚ ਜਾਤੀ" ਦੇ ਕਈ ਹਿੰਦੂਆਂ ਅਤੇ ਬ੍ਰਾਹਮਣਾਂ ਨੇਂ ਗੁਰੂ ਜੀ ਦੇ 'ਇਕ ਪ੍ਰਮਾਤਮਾ' ਬਾਰੇ ਅਧਿਆਤਮਿਕ ਸੰਦੇਸ਼ ਕਾਰਨ ਸੰਗਤ ਵਿਚ ਹਾਜ਼ਰ ਹੋਣਾ ਸ਼ੁਰੂ ਕਰ ਦਿਤਾ ਸੀ। ਪਰ, ਉਹ ਨੀਵੀਂ ਜਾਤੀ ਦੇ ਲੋਕਾਂ ਨਾਲ ਬੈਠ ਕੇ ਖਾਣ ਲਈ ਝਿਜਕਦੇ ਸਨ।

ਇਤਿਹਾਸ ਵਿਚ ਇਕ ਵਿਸੇਸ਼ ਘਟਨਾ ਦਾ ਜ਼ਿਕਰ ਆਉਂਦਾ ਹੈ। ਮਾਈ ਦਾਸ ਨਾਮੀ ਇਕ ਬ੍ਰਾਹਮਣ ਨੀਵੀਂ ਜਾਤੀ ਦੇ ਲੋਕਾਂ ਵਿਚ ਬੈਠ ਕੇ ਖਾਣ ਲਈ ਹਿਚਕਿਚਾ ਰਿਹਾ ਸੀ। ਉਸਨੇ ਗੁਰੂ ਜੀ ਦੇ ਸਿਆਣਪ ਭਰਪੂਰ ਸੰਦੇਸ਼ ਦਾ ਲਾਭ ਪ੍ਰਾਪਤ ਕਰਨ ਲਈ ਨੈਤਿਕ ਹੌਂਸਲਾ ਕੀਤਾ ਕਿ ਸੰਗਤ ਵਿਚ ਬੈਠ ਕੇ ਪਹਿਲਾਂ ਜਾਤ ਪਾਤ ਦਾ ਧਿਆਨ ਨਾ ਕਰਦਿਆਂ ਲੋਕਾਂ ਨਾਲ ਪਿਆਰ-ਭਾਵਨਾ ਦਾ ਪ੍ਰਭਾਵ ਉਜਾਗਰ ਕਰਨਾ ਹੋਵੇਗਾ। ਮਾਨਵੀ ਭ੍ਰਾਤਰੀਭਾਵ ਅਤੇ ਇਕ ਪ੍ਰਮਾਤਮਾ ਦੇ ਜਾਏ ਹੋਣ ਵਾਲਾ ਗੁਰੂ ਜੀ ਦਾ ਸੰਦੇਸ਼ ਸੁਣਕੇ ਉਹ ਗੁਰਮੁਖ ਬਣ ਗਿਆ। ਤੀਜੇ ਨਾਨਕ ਨੇ ਉਸਨੂੰ ਗੁਰੂ ਨਾਨਕ ਦਾ ਸੰਦੇਸ਼ ਲੋਕਾਂ ਵਿਚ ਫੈਲਾਉਣ ਲਈ ੨੨ ਧਾਰਮਿਕ ਕੇਂਦਰਾਂ ਵਿਚੋਂ ਇਕ ਦਾ ਮੁਖੀ ਬਣਾ ਦਿਤਾ।



੧੫੬੦ ਈਸਵੀ ਵਿਚ, ਬਾਦਸ਼ਾਹ ਅਕਬਰ ਗੁਰੂ ਜੀ ਨੂੰ ਮਿਲਣ ਗੋਇੰਦਵਾਲ ਆਇਆ। ਉਸਨੇ ਵੀ ਸੰਗਤ ਵਿਚ ਬੈਠ ਕੇ ਲੰਗਰ ਛਕਿਆ। ਉਹ ਬਹੁਤ ਪ੍ਰਭਾਵਤ ਹੋਇਆ ਕਿ ਹਰ ਇਕ ਨਾਲ, ਬਿਨਾਂ ਕਿਸੇ ਸਮਾਜਿਕ ਜਾਂ ਆਰਥਿਕ ਵਿਤਰੇ ਦੇ, ਪਿਆਰ ਅਤੇ ਸਤਿਕਾਰ ਸਹਿਤ ਵਿਵਹਾਰ ਕੀਤਾ ਜਾਂਦਾ ਸੀ।

ਅਫਸੋਸ ਦੀ ਗਲ ਹੈ ਕਿ ਪੰਥ ਵਿੱਚ ਆਹਿਸਤਾ- ਆਹਿਸਤਾ "ਪੰਗਤ" ਦੀ ਪਵਿਤ੍ਰਤਾ ਘਟਦੀ ਜਾ ਰਹੀ ਹੈ। ਜਵਾਨ ਅਤੇ ਸਵਸਥ ਸਿੱਖ ਗੁਰਦਵਾਰੇ ਆਕੇ ਲੰਗਰ ਵਿੱਚ ਮੇਜ-ਕੁਰਸਿਆਂ ਤੇ ਬੈਠ ਕੇ ਖਾਣਾ ਪਸੰਦ ਕਰਦੇ ਹਨ। ਮੇਜ-ਕੁਰਸਿਆਂ ਦਾ ਇੰਤਜਾਮ ਉਹਨਾਂ ਵਾਸਤੇ ਕੀਤਾ ਜਾਂਦਾ ਹੈ ਜੋ ਜਮੀਨ ਤੇ ਨਹੀਂ ਬੈਠ ਸਕਦੇ। ਸਾਨੂੰ ਇਹ ਕਰਨ ਤੋਂ ਪਰਹੇਜ ਕਰਨਾ ਚਾਹੀਦਾ ਹੈ ਅਤੇ ਇਕ ਦੂਸਰੇ ਨੂੰ ਇਸ ਬਾਰੇ ਜਾਣੂ ਕਰਵਾਨਾ ਚਾਹੀਦਾ ਹੈ। ਸਾਨੂੰ ਲੰਗਰ ਦੇ ਪਿੱਛੇ ਦੀ ਭਾਵਨਾ ਅਤੇ ਗੁਰੂ ਜੀ ਦੀ ਸਿਖਿਆ ਨੂੰ ਯਾਦ ਰਖਨਾ ਚਾਹੀਦਾ ਹੈ

*******************

# ੧੯. ਤੀਰਥ ਯਾਤਰਾ ਦਾ ਕੋਈ ਲਾਭ ਨਹੀਂ

**੧੫੫੯** *(ਆਯੂ ੮੦ ਸਾਲ)*: ਤੀਜੇ ਨਾਨਕ, ਗੁਰੂ ਅਮਰਦਾਸ ਜੀ ਨੇ ਨੀਵੀਂ ਜਾਤੀ ਦੇ ਲੋਕਾਂ ਨੂੰ "ਉਚ-ਜਾਤੀ" ਦੇ ਲੋਕਾਂ ਦੇ ਨਾਲ ਬਰਾਬਰ ਦਾ ਵਿਵਹਾਰ ਕਰਕੇ ਉਚਾ ਚੁੱਕਣ ਲਈ ਗੰਭੀਰ ਕੋਸ਼ਸ਼ ਕੀਤੀ। ਉਚ-ਜਾਤੀ ਨਾਲ ਸਬੰਧਤ ਕਹਾਉਂਦੇ ਕੁਝ ਲੋਕ ਇਸ ਬਦਲਾਓ ਨਾਲ ਲੜਨ ਲਈ ਕੁਝ ਤਰੀਕਿਆਂ ਦੀ ਭਾਲ ਵਿਚ ਸਨ। ਉਹਨਾਂ ਨੇ ਸਿੱਖਾਂ ਨੂੰ ਸਾਂਝੇ ਖੂਹ ਤੋਂ ਪਾਣੀ ਲਿਆਉਣ ਵੇਲੇ ਤੰਗ ਕਰਨ ਦਾ ਸੋਚਿਆ। ਸ਼ੈਤਾਨ ਲੋਗ ਸਿੱਖਾਂ ਦੇ ਮਿੱਟੀ ਦੇ ਘੜਿਆਂ ਤੇ ਇੱਟੇ ਮਾਰਣ ਲਗੇ। ਹਰ ਵੇਲੇ ਦੀ ਤਰ੍ਹਾਂ, ਗੁਰੂ ਜੀ ਸਿੱਖਾਂ ਨੂੰ ਸ਼ਾਂਤ ਰਹਿਣ ਲਈ ਕਹਿੰਦੇ। ਗੁਰੂ ਜੀ ਨੇ ਸਲਾਹ ਦਿਤੀ ਕਿ ਸਿੱਖ ਧਾਤ ਦੇ ਪੱਕੇ ਘੜੇ ਵਰਤਨ। ਸ਼ੈਤਾਨ ਲੋਗਾਂ ਨੇ ਉਹ ਵੀ ਨਿਸ਼ਾਨੇ ਬਣਾ ਕੇ ਤੋੜ ਫੋੜ ਦਿਤੇ।




ਅਜਿਹੀ ਰੋਜ਼ਾਨਾ ਸ਼ਰਾਰਤ ਦੇ ਹੱਲ ਲਈ ਗੁਰੂ ਜੀ ਨੇ ਇਕ ਬਾਉਲੀ ਬਨਾਉਣ ਦਾ ਫ਼ੈਸਲਾ ਕੀਤਾ ਤਾਕਿ ਸਿੱਖਾਂ ਦੀ ਸਾਫ਼ ਪਾਣੀ ਦੀ ਜ਼ਰੂਰਤ ਪੂਰੀ ਹੋ ਸਕੇ। ਸਿੱਖਾਂ ਨੇ ਇਸ ਯੋਜਨਾ ਵਿਚ ਪੂਰੀ ਦਿਲਚਸਪੀ ਲਈ ਕਿਉਂਕੀ ਕਿ ਇਹ ਸਾਰਿਆ ਸਿੱਖਾਂ ਵਲੋਂ ਰਲ ਕੇਂ ਸਾਂਝੀ ਜ਼ਰੂਰਤ ਹਿਤ ਬਣਾਈ ਜਾ ਰਹੀ ਸੀ। ਉਹਨਾਂ ਨੇ ਇਸ ਉਸਾਰੀ ਲਈ ਬਹੁਤ ਮੇਹਨਤ ਨਾਲ ਕੰਮ ਕੀਤਾ। ਇਸ ਉਸਾਰੀ ਵਿਚ ਮਦਦ ਕਰਨ ਲਈ ਸਿੱਖ ਦੂਰੋਂ ਦੂਰੋਂ ਆਉਣ ਲੱਗੇ। ਬਾਅਦ ਵਿਚ ਇਸ ਯੋਜਨਾ ਨੂੰ ਗਲਤੀ ਨਾਲ ਇਕ "ਪਵਿੱਤਰ" ਯਾਤਰਾ ਵਜੋਂ ਦਸਿਆ ਜਾਣ ਲਗਿਆ।

ਇਸ ਖੇਤਰ ਵਿਚ ਧਰਤੀ ਦੇ ਪਾਣੀ ਦਾ ਸਤਰ ਨੀਵਾਂ ਹੋਣ ਕਰਕੇ ਇਸ ਬਾਉਲੀ ਵਿਚ ਪਾਣੀ ਤੱਕ ਪਹੁੰਚਣ ਲਈ ੮੪ ਪੌੜੀਆਂ ਚਾਹੀਦੀਆਂ ਸਨ। ਕਈ ਅਗਿਆਨੀ ਲੋਕਾਂ ਨੇ ਝੂਠੇ ਤੌਰ ਤੇ ਇਹਨਾ ੮੪ ਪੌੜੀਆਂ ਨੂੰ 'ਜਨਮ ਮਰਨ ਦੇ ੮੪ ਲੱਖ ਗੇੜਿਆਂ" ਦੇ ਵਿਸ਼ਵਾਸ ਨਾਲ ਜੋੜਿਆ ਜਿਵੇਂ ਕਿ ਹਿੰਦੂ ਮੱਤ ਵਿਚ ਦਸਿਆ ਜਾਂਦਾ ਸੀ। ਉਹਨਾਂ ਨੂੰ ਇਸ ਗਲ ਦੀ ਸਮਝ ਨਹੀਂ ਸੀ ਕਿ ਸਿੱਖ ਧਰਮ ਅਨੁਸਾਰ ਕੋਈ ਵੀ ਰਸਮ ਸਾਨੂੰ ਅਧਿਾਤਮਿਕ ਮੁਕਤੀ ਤੱਕ ਨਹੀਂ ਲੈ ਕੇ ਜਾਂਦੀ। ਮੁਕਤੀ-ਪ੍ਰਾਪਤ ਸਿੱਖ ਉਹੋ ਹੀ ਹੈ ਜਿਸਨੇ ਆਪਣੇ ਆਪ ਨੂੰ ਬੁਰਾਈਆਂ ਦੇ ਬੰਧਨਾਂ ਤੋਂ ਮੁਕਤ ਕਰ ਲਿਆ ਹੋਵੇ। ਇਸ ਬਾਉਲੀ ਦੀ ਉਸਾਰੀ ਸਿੱਖ ਭਾਈਚਾਰੇ ਦੀਆਂ ਸਾਫ਼ ਪਾਣੀ ਦੀਆਂ ਲੋੜਾਂ ਪੂਰੀਆ ਕਰਨ ਹਿਤ ਬਨਾਈ ਗਈ ਸੀ, ਨਾ ਕਿ ਕੋਈ ਤੀਰਤ ਯਾਤਰਾ ਜਾਂ ਕਿਸੇ ਰਸਮੀ ਵਿਸ਼ਵਾਸ ਨੂੰ ਮਨਣ ਲਈ।

******************

# ੨੦. ਗੁਰੂ-ਕਾ-ਚੱਕ (ਅੰਮ੍ਰਿਤਸਰ) ਦੀ ਸਥਾਪਨਾ

**੧੫੬੪** *(ਆਯੂ ੮੫ ਸਾਲ)*: ਤੀਜੇ ਨਾਨਕ ਦੇ ਸਮੇਂ, ਗਇੰਦਵਾਲ ਸਿੱਖ ਧਰਮ ਦਾ ਪ੍ਰਮੁਖ ਕੇਂਦਰ ਸੀ। ਇਸਦੀ ਸਥਾਪਨਾ ਭਾਈ ਅਮਰਦਾਸ ਨੇ ਦੂਜੇ ਨਾਨਕ ਗੁਰੂ ਅੰਗਦ ਦੇਵ ਜੀ ਦੇ ਕਹਿਣ ਤੇ ੧੫੪੬ ਈ: ਵਿਚ ਕੀਤੀ ਸੀ। ਆਇਸਤਾ ਆਇਸਤਾ, ਇਸ ਨਵੇਂ ਧਰਮ ਦੀ ਜਨ ਸੰਖਿਆ ਬਹੁਤ ਵੱਧ ਗਈ।

ਤੀਜੇ ਨਾਨਕ ਅਮਰਦਾਸ ਜੀ ਨੇ ਭਾਈ ਜੇਠਾ ਨੂੰ ਸਿੱਖੀ ਦੇ ਇਕ ਹੋਰ ਕੇਂਦਰ ਗੁਰੂ-ਕਾ-ਚੱਕ (ਅੱਜ ਕਲ ਅੰਮ੍ਰਿਤਸਰ ਵਜੋਂ ਜਾਣਿਆ ਜਾਂਦਾ ਹੈ) ਦੀ ਯੋਜਨਾ ਅਤੇ ਵਿਰਸਿਤ ਕਰਨ ਲਈ ਨਾਲ ਰਲਾ ਲਿਆ। ਗੁਰੂ ਜੀ ਨੇ ਉਹਨਾਂ ਨੂੰ ਗੋਇੰਦਵਾਲ ਦੇ ਇਲਾਵਾ ਹੋਰ ਜਮੀਨ ਭਾਲਣ ਲਈ ਕਿਹਾ ਜਿੱਥੇ ਸਿੱਖਾਂ ਦੇ ਰਹਿਣ ਦਾ ਇੰਤਜਾਮ ਕੀਤਾ ਜਾ ਸਕੇ। ਗੁਰੂ ਜੀ ਨੇ ਭਾਈ ਜੇਠਾ ਨੂੰ ਇਹ ਵੀ ਕਿਹਾ ਕਿ ਉਹ ਇਕ ਵੱਡਾ ਸ਼ਹਰ ਬਨਾਉਣ ਅਤੇ ਉਸਨੂੰ ਵਸਾਉਣ। ਇਸ ਕੰਮ ਵਿੱਚ ਪਹਲਾ ਕਦਮ ਸੀ ਕਿ ਇਕ ਸਰੋਵਰ ਬਣਾਇਆ ਜਾਏ ਜਿਸ ਨਾਲ ਰਹਿਣ ਵਾਲਿਆਂ ਦੀ ਪਾਣੀ ਦੀ ਜਰੂਰਤ ਪੂਰੀ ਹੋ ਸਕੇ।



ਭਾਈ ਜੇਠਾ ਨੇ ਗੋਇੰਦਵਾਲ ਤੋਂ ੨੫ ਮੀਲ ਦੀ ਦੂਰੀ ਤੇ ਕਿ ਜਗਹ ਲੱਭੀ ਜੋ ਹਲੀ ਆਬਾਦ ਨਹੀਂ ਹੋਈ ਸੀ। ਊਹਨਾਂ ਨੇ ਅਪਨੇ ਲਈ ਅਤੇ ਜਿਨਾਂ ਮਜਦੂਰਾਂ ਨੇ ਸਰੋਵਰ ਦੀ ਖੁਦਾਈ ਕਰਨੀ ਸੀ ਉਹਨਾਂ ਦੇ ਰਹਿਣ ਲਈ ਮਕਾਨ ਬਨਵਾਏ। ਜਦੋਂ ਕੁਝ ਕੰਮ ਹੋ ਗਿਆ ਅਤੇ ਕਈ ਲੋਗਾਂ ਨੇ ਅਪਨੇ ਮਕਾਨ ਬਣਾ ਲਏ, ਭਾਈ ਜੇਠਾ ਗੁਰੂ ਜੀ ਦੇ ਵਿਛੋੜੇ ਦੀ ਤੜਪ ਨੂੰ ਸ਼ਾਂਤ ਕਰਨ ਲਈ ਗੋਇੰਦਵਾਲ ਵਾਪਿਸ ਚਲੇ ਗਏ। ਜਾ ਕੇ ਉਹਨਾਂ ਨੇ ਗੁਰੂ ਜੀ ਨੂੰ ਕੰਮ ਦੀ ਪ੍ਰਗਤੀ ਬਾਰੇ ਦਸਿਆ। ਭਾਈ ਜੇਠਾ ਕੁੱਛ ਸਮੇਂ ਲਈ ਗੋਇੰਦਵਾਲ ਰਹੇ ਅਤੇ ਸਿੱਖੀ ਕੇਂਦਰ ਦਾ ਪ੍ਰਬੰਧ ਸੰਭਾਲਦੇ ਰਹੇ।

ਜਦ ਰਾਮਦਾਸ ਜੀ ੧੫੭੪ ਈ: ਵਿਚ ਚੌਥੇ ਨਾਨਕ ਬਣੇ ਤਾਂ ਗੁਰੁ ਅਮਰਦਾਸ ਜੀ ਨੇ ਉਹਨਾਂ ਨੂੰ ਗੁਰੂ-ਕਾ-ਚੱਕ ਜਾਣ ਲਈ ਕਿਹਾ ਤਾਕਿ ਸਿੱਖੀ ਦੇ ਨਵੇਂ ਕੇਂਦਰ ਦੀ ਸਥਾਪਨਾ ਦਾ ਕੰਮ ਜਾਰੀ ਕੀਤਾ ਜਾ ਸਕੇ। ਚੌਥੇ ਨਾਨਕ ਦੇ ਸਮੇਂ, ਇਹ ਨਵਾਂ ਕੇਂਦਰ ਅੰਮ੍ਰਿਤਸਰ ਵਜੋਂ ਜਾਣਿਆ ਜਾਣ ਲਗਿਆ।

*******************

# ੨੧. ਸਰਵ-ਉਚ ਸਿੱਖ ਨੂੰ ਗੁਰੂ ਚੁਣਨਾ

**੧੫੭੪** *(ਆਯੂ ੯੫ ਸਾਲ)*: ੧੫੪੧ ਈਸਵੀ ਵਿੱਚ ੬੨ ਸਾਲ ਦੀ ਆਯੂ ਵਿਚ ਭਾਈ ਅਮਰਦਾਸ ਬਾਸਰਕੇ ਤੋਂ ਖਡੂਰ ਆ ਗਏ ਸਨ ਤਾਕਿ ਉਹ ਦੂਜੇ ਨਾਨਕ ਦੀ ਸੇਵਾ ਵਿਚ ਰਹਿ ਸਕਣ। ਭਾਈ ਜੇਠਾ ਉਸ ਵੇਲੇ ੭ ਸਾਲਾਂ ਦੇ ਸਨ ਅਤੇ ਆਪਣਾ ਪਿਤਾ ਪਹਿਲਾ ਹੀ ਗੁਆ ਚੁੱਕੇ ਸਨ। ਇਸੇ ਸਮੇਂ, ਭਾਈ ਜੇਠਾ ਦੇ ਨਾਨੀ ਜੀ ਜੇਠਾ ਬੱਚੇ ਨੂੰ ਲਾਹੌਰ ਤੋਂ ਆਪਣੇ ਘਰ ਬਾਸਰਕੇ ਲੈ ਆਏ। ਭਾਈ ਅਮਰਦਾਸ ਨੂੰ ਇਹ ਬੱਚਾ ਚੰਗਾ ਲਗਿਆ ਅਤੇ ਉਸਨੂੰ ਆਪਣੀ ਰਖਿਆ ਵਿੱਚ ਲੈ ਲਿਆ। ਭਾਈ ਜੇਠਾ ਨੇ ੩੨ ਸਾਲ ਦੂਜੇ ਨਾਨਕ ਅਤੇ ਭਾਈ ਅਮਰਦਾਸ ਦੀ ਸੰਗਤ ਵਿਚ ਗੁਜ਼ਾਰੇ। ਗੁਰੂਆਂ ਦੀ ਸੰਗਤ ਵਿਚ ਸਿੱਖੀ ਬਾਰੇ ਸਿਖਦਿਆਂ ਭਾਈ ਜੇਠਾ ਵੱਡੇ ਹੋਏ। ਭਾਈ ਜੇਠਾ ਸਿਰਫ਼ ਸਿੱਖੀ ਨਿਯਮਾ ਵਿਚ ਹੀ ਪਰਪੱਕ ਨਾ ਹੋਏ ਸਗੋਂ ਉਹ ਬਹੁਤ ਆਗਿਆਕਾਰ, ਨਿਮਰਤਾ ਸਹਿਤ ਬੋਲਣ ਵਾਲੇ, ਸੁੱਘੜ ਸਿਆਣੇ ਅਤੇ ਹਰ ਵੇਲੇ ਸੇਵਾ ਵਿਚ ਤੱਤਪਰ ਰਹਿਣ ਵਾਲੇ ਸਨ।

੨੩ ਸਾਲ ਦੀ ਉਮਰ ਵਿਚ, ਭਾਈ ਜੇਠਾ ਨੇ ਬੜੀ ਸਫ਼ਲਤਾ ਪੂਰਵਕ ਬਾਦਸ਼ਾਹ ਅਕਬਰ ਕੋਲ ਗੁਰੂ ਜੀ ਦੀ ਅਗਵਾਈ ਕੀਤੀ ਸੀ ਅਤੇ ਹਿੰਦੂਆ ਦੀਆਂ ਸਿਕਾਇਤਾਂ ਦਾ ਨਿਵਾਰਣ ਕੀਤਾ ਸੀ।

ਉਮਰ ਵੱਧਦੀ ਹੋਣ ਕਾਰਨ, ਗੁਰੂ ਅਮਰਦਾਸ ਜੀ ਨੇ ਸਭ ਤੋਂ ਯੋਗ ਸਿੱਖ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਦੀ ਸੌਂਪਣਾ ਕਰਨ ਬਾਰੇ ਸੋਚਣਾ ਸ਼ੁਰੂ ਕਰ ਦਿਤਾ। ਗੁਰੂ ਅਮਰਦਾਸ ਜੀ ਆਪਣੇ ਕਿਸੇ ਪੁੱਤਰ ਨੂੰ ਗੁਰਗੱਦੀ ਦੇ ਯੋਗ ਨਹੀਂ ਸਮਝਦੇ ਸਨ। ਗੁਰੂ ਜੀ ਦੇ ਮਨ ਵਿਚ ਦੋ ਸਿੱਖ ਸਨ: ਭਾਈ ਜੇਠਾ (ਜੋ ਉਸ ਵੇਲੇ ੪੦ ਸਾਲਾਂ ਦੇ ਸਨ) ਅਤੇ ਭਾਈ ਰਾਮਾ ਜੀ। ਦੋਨੋ ਹੀ ਗੁਰੂ ਜੀ ਦੇ ਦਾਮਾਦ ਸਨ ਅਤੇ ਪੂਰੇ ਮਨ ਨਾਲ ਸੰਗਤ ਦੀ ਸੇਵਾ ਕਰਦੇ ਸਨ। ਗੁਰੂ ਜੀ ਚਾਹੁੰਦੇ ਸਨ ਕਿ ਅਗਲੇ ਗੁਰੂ ਦੀ ਚੋਣ ਦੀ ਪਰਕਿਰਿਆ ਪੂਰੀ ਤਰ੍ਹਾਂ ਪਰਤੱਖ ਅਤੇ ਗੁਣਾਂ ਦੇ ਆਧਾਰ ਤੇ ਹੋਵੇ।

ਇਕ ਸਵੇਰ ਨੂੰ, ਗੁਰੂ ਜੀ ਨੇ ਭਾਈ ਜੇਠਾ ਨੂੰ ਅਤੇ ਭਾਈ ਰਾਮਾ ਨੂੰ ਇੱਟਾਂ ਦਾ ਇਕ ਥੜਾ ਬਨਾਉਣ ਲਈ ਨੂੰ ਕਿਹਾ। ਦੋਨਾਂ ਨੇ ਥੜ੍ਹੇ ਬਣਾਏ। ਸ਼ਾਮ ਵੇਲੇ ਗੁਰੂ ਜੀ ਨੇ ਥੜ੍ਹਿਆਂ ਦਾ ਨਿਰੀਖਣ ਕੀਤਾ ਅਤੇ ਕਿਹਾ ਕਿ ਇਹਨਾਂ ਦੋਨਾਂ ਥੜ੍ਹਿਆਂ ਦੀ ਬਣਤਰ ਤਸੱਲੀਬਖ਼ਸ਼ ਨਹੀਂ। ਗੁਰੂ ਜੀ ਨੇ ਥੜ੍ਹੇ ਢਾਹਣ ਲਈ ਅਤੇ ਮੁੜ ਕੇ ਬਨਾਣ ਲਈ ਕਿਹਾ। ਅਗਲੇ ਦਿਨ, ਭਾਈ ਜੇਠਾ ਅਤੇ ਭਾਈ ਰਾਮਾ ਨੇ ਫਿਰ ਤੋਂ ਨਵੇਂ ਥੜ੍ਹੇ ਬਣਾਏ। ਗੁਰੂ ਜੀ ਨੂੰ ਫਿਰ ਥੜੇ ਪਸੰਦ ਨਹੀਂ ਆਏ। ਇਹੀ ਗਲ ਤੀਸਰੇ ਦਿਨ ਵੀ ਹੋਈ। ਭਾਈ ਰਾਮਾ ਤੰਗ ਆ ਗਿਆ। ਉਸਨੇ ਗੁਰੂ ਜੀ ਨੂੰ ਕਿਹਾ ਕਿ ਉਸਨੇ ਗੁਰੂ ਜੀ ਦੇ ਨਿਰਦੇਸ਼ਾਂ ਨੂੰ ਬੜੀ ਤਸੱਲੀ-ਪੂਰਵਕ ਮੰਨਿਆ ਸੀ। ਸ਼ਾਇਦ, ਬੁਢੇਪੇ ਦੀ ਉਮਰ ਕਾਰਨ, ਗੁਰੂ ਜੀ ਨੂੰ ਆਪਣੇ ਨਿਰਦੇਸ਼ ਯਾਦ ਨਹੀਂ ਰਹੇ। ਉਸਨੇ ਥੜ੍ਹਾ ਢਾਹੁਣ ਅਤੇ ਮੁੜ ਬਨਾਉਣ ਤੋਂ ਇਨਕਾਰ ਕਰ ਦਿਤਾ। ਭਾਈ ਜੇਠਾ ਨੇ ਬੜੀ ਨਿਮਰਤਾ ਸਹਿਤ ਨਿਰਦੇਸ਼ ਦਾ ਪਾਲਣ ਕੀਤਾ। ਉਹਨਾਂ ਨੇ ਥੜ੍ਹਾ ਢਾਹ ਦਿਤਾ ਅਤੇ ਬੜੀ ਸੁਹਿਰਦਤਾ ਨਾਲ ਫਿਰ ਤੋਂ ਬਣਾਇਆ। ਇਸਤਰ੍ਹਾਂ ਥੜ੍ਹਾ ਢਾਹੁਣ ਅਤੇ ਬਨਾਉਣ ਦਾ ਕੰਮ ਸੱਤ ਦਿਨ ਚਲਦਾ ਰਿਹਾ। ਸਤਵੇਂ ਦਿਨ, ਗੁਰੂ ਜੀ ਨੇ ਥੜ੍ਹੇ ਵਿਚ ਨੁਕਸ ਕੱਢੇ।

ਭਾਈ ਜੇਠਾ ਨੇ ਨਿਮਰਤਾ ਸਹਿਤ ਆਪਣੀ ਬੇਵਕੂਫ਼ੀ ਅਤੇ ਗੁਰੂ ਜੀ ਦੇ ਨਿਰਦੇਸ਼ਾਂ ਦਾ ਠੀਕ ਤਰ੍ਹਾਂ ਪਾਲਣ ਨ ਕਰ ਸਕਨ ਲਈ ਮੁਆਫ਼ੀ ਮੰਗੀ। ਭਾਈ ਜੇਠਾ ਨੇ ਗੁਰੂ ਜੀ ਪ੍ਰਤੀ ਬੇਨਤੀ ਕੀਤੀ ਕਿ ਉਹ ਉਸਨੂੰ ਅਸ਼ੀਰਵਾਦ ਦੇਣ ਕਿ ਉਹ ਉਹਨਾਂ ਦੇ ਨਿਰਦੇਸ਼ਾਂ ਦਾ ਠੀਕ ਤਰ੍ਹਾਂ ਪਾਲਣ ਕਰ ਸਕੇ। ਜਦ ਗੁਰੂ ਜੀ ਨੇ ਭਾਈ ਜੇਠਾ ਪਾਸੋਂ ਇਹ ਜੁਆਬ ਸੁਣਿਆ ਤਾਂ ਗੁਰੂ ਜੀ ਪੂਰੀ ਤਰ੍ਹਾਂ ਮੰਨ ਗਏ ਕਿ ਭਾਈ ਜੇਠਾ ਹਉਮੈ ਦੀ ਬੁਰਾਈ ਤੋਂ ਪੂਰੀ ਤਰ੍ਹਾਂ ਮੁਕਤ ਹੋ ਗਏ ਸਨ।





ਭਾਈ ਜੇਠਾ ਗੁਰੂ ਜੀ ਦੇ ਹੁਕਮ ਨੂੰ ਨਿਰਸੰਕੋਚ ਅਤੇ ਬਿਨਾ ਸਵਾਲ ਕਰਨ ਦੀ ਪ੍ਰੀਖਿਆ ਵਿਚੋਂ ਪਾਸ ਹੋ ਗਏ ਸਨ। ਭਾਈ ਜੇਠਾ ਨੇ ਪਹਿਲਾਂ ਹੀ ਸਿੱਖੀ ਸਿਧਾਂਤਾਂ ਅਤੇ ਅਮਲਾਂ ਪ੍ਰਤੀ ਡੂੰਘੀ ਸਹਝ ਅਤੇ ਵਚਨਬੱਧਤਾ ਦਾ ਪ੍ਰਦਰਸ਼ਨ ਕੀਤਾ ਸੀ। ਗੁਰੂ ਅਮਰਦਾਸ ਜੀ ਨੂੰ ਹੁਣ ਯਕੀਨ ਸੀ ਕਿ ਭਾਈ ਜੇਠਾ ਗੁਰਗੱਦੀ ਦੀ ਜ਼ਿੰਮੇਵਾਰੀ ਦੇ ਯੋਗ ਸਨ। ਉਹਨਾਂ ਨੇ ਭਾਈ ਜੇਠਾ ਨੂੰ ਚੌਥੇ ਨਾਨਕ ਵਜੋਂ ਸਥਾਪਿਤ ਕੀਤਾ। ਇਹ ਪ੍ਰਕਿਰਿਆ ਗੁਰੂ ਨਾਨਕ ਜੀ ਦੁਆਰਾ ਸਭ ਤੋਂ ਵੱਧ ਯੋਗ ਸਿੱਖ ਨੂੰ ਅਗਲੇ ਗੁਰੂ ਵਜੋਂ ਚੁਨਣ ਦੀ ਪ੍ਰਥਾ ਜਾਰੀ ਰਹੀ।

ਤੀਜੇ ਨਾਨਕ ਗੁਰੂ ਅਮਰਦਾਸ ਜੀ ਵਲੋਂ ਭਾਈ ਰਾਮਦਾਸ ਜੀ ਨੂੰ ਚੌਥੇ ਨਾਨਕ ਵਜੋਂ ਗੁਰਗੱਦੀ ਤੇ ਸੁਸ਼ੋਭਤ ਕਰ ਦੇਣ ਪਿਛੋਂ, ਤੀਜੇ ਨਾਨਕ, ਗੁਰੂ ਅਮਰਦਾਸ ਜੀ ਨੇ ਸਤਿਕਾਰ ਵਜੋਂ ਉਹਨਾਂ ਅੱਗੇ ਆਪਣਾ ਸਿਰ ਝੁਕਾਇਆ ਅਤੇ ਸਾਰੇ ਸਿੱਖਾਂ ਨੂੰ ਇਸਤਰ੍ਹਾਂ ਕਰਨ ਲਈ ਕਿਹਾ। ਉਥੇ ਹਾਜਰ ਸਾਰੇ ਸਿੱਖਾਂ ਨੇ ਹੁਕਮ ਦੀ ਪਾਲਣਾ ਕੀਤੀ। ਤੀਜੇ ਨਾਨਕ, ਗੁਰੂ ਅਮਰਦਾਸ ਜੀ ਨੇ ਇਕੱਤਰ ਕੀਤੀ ਬਾਣੀ ਦੀ ਸੰਪੂਰਨ ਪੋਥੀ ਗੁਰੂ ਰਾਮਦਾਸ ਜੀ ਨੂੰ ਅਰਪਨ ਕੀਤੀ ਜੋ ਉਹਨਾਂ ਨੇ ਗੁਰੂ ਅੰਗਦ ਜੀ ਪਾਸੋਂ ਪ੍ਰਾਪਤ ਕੀਤੀ ਸੀ। ਪੋਥੀ ਵਿੱਚ ਗੁਰੂ ਨਾਨਕ ਜੀ, ਗੁਰੂ ਅੰਗਦ ਜੀ ਅਤੇ ਹੋਰ ਭਗਤਾਂ ਦੀ ਬਾਣੀ ਜੋ ਗੁਰੂ ਨਾਨਕ ਜੀ ਨੇ ਆਪਣੀਆਂ ਨਿੱਜੀ ਯਾਤਰਾਵਾਂ ਦੌਰਾਨ ਸਾਰੇ ਭਾਰਤ ਵਿਚੋਂ ਇਕੱਤਰ ਕੀਤੀਆ ਸਨ, ਇਕ ਜਗਹ ਸਨ। ਗੁਰੂ ਅਮਰਦਾਸ ਜੀ ਨੇ ਆਪਣੀ ਉਚਾਰੀ ਹੋਈ ਰਚਨਾ ਵੀ ਇਸ ਪੋਥੀ ਵਿਚ ਦਰਜ ਕਰ ਦਿਤੀ ਹੋਈ ਸੀ।

*******************

# ੨੨. ਮੌਤ ਨੂੰ ਪ੍ਰਮਾਤਮਾਂ ਦੇ ਸੱਦੇ ਵਜੋਂ ਮੰਨਣਾ (ਸਦੁ)

**੧੫੭੪** *(ਆਯੂ ੯੫ ਸਾਲ)*: ਤੀਜੇ ਨਾਨਕ, ਗੁਰੂ ਅਮਰਦਾਸ ਜੀ ਨੇ ਆਪਣੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਆਪਣੇ ਪਰਵਾਰ ਦੇ ਸਾਰੇ ਮੈਂਬਰਾਂ ਅਤੇ ਸਿੱਖ ਸ਼ਰਧਾਲੂਆਂ ਨੂੰ ਇਕੱਤਰ ਕੀਤਾ ਅਤੇ ਹੁਕਮ ਦਿਤਾ ਕਿ ਹਿੰਦੂ ਧਰਮ ਵਲੋਂ ਨਿਰਧਾਰਤ ਕੀਤੀ ਕਿਸੇ ਵੀ ਰਸਮ ਨੂੰ ਨਹੀਂ ਮੰਨਣਾ।(ਉਪ-ਅੰਗ ੧) ਗੁਰੁ ਜੀ ਕਿਹਾ ਕਿ ਜਦੋਂ ਵੀ ਕਿਸੇ ਦੇ ਧਰਤੀ ਤੋਂ ਪੰਜ-ਭੂਤਕ ਸਰੀਰ ਨੂੰ ਛੱਡਣ ਦਾ ਸਮਾ ਆਵੇ, ਕੋਈ ਵੀ ਕਿਸੇ ਤਰ੍ਹਾਂ ਦਾ ਰੋਣਾਂ ਜਾਂ ਵਿਰਲਾਪ ਨਾ ਕਰੇ। ਗੁਰੂ ਜੀ ਨੇ ਅੱਗੇ ਕਿਹਾ ਕਿ ਮਰਣ ਵੇਲੇ ਉਸਦੇ ਹੱਥ ਉੱਪਰ ਕੋਈ ਜਲਦਾ ਦੀਵਾ ਨਹੀਂ ਰਖਣਾ, ਜਿਵੇਂ ਕਿ ਹਿੰਦੂ ਪ੍ਰਥਾ ਵਿਚ ਕੀਤਾ ਜਾਂਦਾ ਹੈ। ਗੁਰੂ ਜੀ ਨੇ ਦਸਿਆ ਕਿ ਗੁਰੂ ਜੀ ਦੇ ਸ਼ਬਦ ਰਾਹੀਂ ਪਰਦਾਨ ਕੀਤੀ ਗਈ ਬਾਣੀ ਨੇ ਉਹਨਾਂ ਦੇ ਮਨ ਤੋਂ ਪਹਿਲਾ ਹੀ ਅਗਿਆਨਤਾ ਦਾ ਅੰਧੇਰਾ ਦੂਰ ਕਰ ਦਿੱਤਾ ਹੈ।




ਗੁਰੂ ਜੀ ਨੇ ਅੱਗੇ ਦਸਿਆ ਕਿ ਹਿੰਦੂਆਂ ਵਲੋਂ ਕੀਤੀ ਜਾਂਦੀ 'ਪਿੰਡ ਪਰਾਣ' ਦੀ ਰਸਮ ਜਾਂ ਬ੍ਰਾਹਮਣਾਂ ਦਾ ਭੋਜ ਕਰਨਾ ਉਚਿਤ ਨਹੀਂ ਅਤੇ ਨਹੀਂ ਕੀਤਾ ਜਾਣਾ ਚਾਹੀਦਾ। ਗੁਰੂ ਜੀ ਨੇ ਦਸਿਆ ਕਿ ਪ੍ਰਮਾਤਮਾ ਦਾ ਨਾਮ ਹੀ ਆਤਮਾ ਦਾ ਲੋੜੀਂਦਾ ਭੋਜਨ ਹੈ। ਗੁਰੁ ਜੀ ਨੇ ਅਸਥੀਆਂ ਨੂੰ ਹਰਦੁਆਰ ਲਿਜਾਣਾ ਵਲੋਂ ਵੀ ਸਿੱਖਾਂ ਨੂੰ ਮਨ੍ਹਾਂ ਕੀਤਾ। ਗੁਰੂ ਜੀ ਨੇ ਕਿਹਾ ਕਿ ਅਸਥੀਆਂ ਨੂੰ ਨੇੜੇ ਵਗਦੇ ਪਾਣੀ ਵਿਚ ਰੋੜ ਦੇਣਾ ਚਾਹੀਦਾ ਹੈ। ਗੁਰੂ ਜੀ ਨੇ ਹੁਕਮ ਕੀਤਾ ਕਿ ਮੌਤ ਤੋਂ ਬਾਅਦ ਪ੍ਰਮਾਤਮਾ ਦਾ ਨਾਮ ਲੈਣਾ ਚਾਹੀਦਾ ਹੈ ਅਤੇ ਬਾਣੀ ਦਾ ਪਾਠ ਕਰਨਾ ਚਾਹੀਦਾ ਹੈ।

ਮਰਨ ਤੋਂ ਬਾਦ ਦੇ ਰਸਮੀਂ ਰਿਵਾਜਾਂ ਬਾਰੇ ਗਰੂ ਗਰੰਥ ਸਾਹਿਬ ਵਿਚ "ਸਦੁ" ਬਾਣੀ ਦੇ ਸਿਰਲੇਖ ਹੇਠਾਂ ਵਿਸਥਾਰ ਨਾਲ ਹੁਕਮ ਕੀਤਾ ਗਿਆ ਹੈ। (ਪੰਨਾ ੯੨੩)

******************

# ੨੩. ਤੀਜੇ ਨਾਨਕ ਦੇ ਯੋਗਦਾਨ

**ਗੁਰੂ ਕਾ ਲੰਗਰ:** ਤੀਜੇ ਨਾਨਕ, ਗੁਰੂ ਅਮਰਦਾਸ ਜੀ ਨੇ "ਗੁਰੂ ਕਾ ਲੰਗਰ" ਦੀ ਪ੍ਰਥਾ ਨੂੰ ਸ਼ਕਤੀਸ਼ਾਲੀ ਬਣਾਇਆ ਅਤੇ ਯਾਤਰੂਆਂ ਲਈ ਇਹ ਜ਼ਰੂਰੀ ਕਰ ਦਿਤਾ ਕਿ 'ਪਹਿਲੇ ਸੰਗਤ, ਫਿਰ ਪੰਗਤ। ਪਹਿਲਾਂ ਇਕੱਠੇ ਬੈਠ ਕੇ ਪਰਸ਼ਾਦਾ ਛਕੋ ਅਤੇ ਫਿਰ ਸੰਗਤ ਵਿਚ ਆਓ। ਲੰਗਰ ਦਾ ਨਿਸ਼ਾਨਾ ਕਿਸੇ ਉਚ ਜਾਂ ਨੀਚ ਜਾਤੀ ਵਿਚ ਜਨਮ ਲੈਣ ਕਰਕੇ ਕਲਪਤ ਰੂਪ ਵਿਚ "ਉਚ-ਨੀਚ" ਦੀ ਮੰਨੀ ਜਾਂਦੀ ਭਾਵਨਾ ਨੂੰ ਖਤਮ ਕਰਨਾ ਸੀ। ਬਰਾਬਰਤਾ ਦਾ ਅਹਿਸਾਸ ਕਰਨ ਲਈ ਇਕੱਠੇ ਬੈਠ ਕੇ ਖਾਣ ਨਾਲ ਸ਼ੁਰੂ ਹੋਣਾ ਸੀ ਅਤੇ ਇਸਨੂੰ ਜੀਵਨ ਦੇ ਹਰ ਪਹਿਲੂ ਵਿਚ ਮਨਣਾ ਸੀ। ਇਸ ਝੂਠੀ ਦੀਵਾਰ ਨੂੰ ਤੋੜਨਾ ਜਰੂਰੀ ਸੀ।

ਇਕ ਵਾਰ, ਮੁਗ਼ਲ ਬਾਦਸ਼ਾਹ ਅਕਬਰ ਗੁਰੂ ਜੀ ਨੂੰ ਮਿਲਣ ਆਇਆ। ਉਸਨੂੰ ਵੀ ਗੁਰੂ ਜੀ ਨੂੰ ਮਿਲਣ ਤੋਂ ਪਹਿਲਾਂ ਲੰਗਰ ਵਿਚ ਬੈਠ ਕੇ ਪਰਸ਼ਾਦਾ ਛਕਣਾ ਪਿਆ। ਅਕਬਰ ਇਸ ਰੀਤੀ ਤੋਂ ਬਹੁਤ ਪ੍ਰਭਾਵਤ ਹੋਇਆ ਅਤੇ ਗੁਰੂ ਜੀ ਦੇ ਲੰਗਰ ਲਈ ਸ਼ਾਹੀ ਦੌਲਤ ਵਿਚੋਂ ਕੁਝ ਦੇਣ ਦੀ ਇੱਛਾ ਪਰਗਟ ਕੀਤੀ। ਗੁਰੂ ਜੀ ਨੇ ਸਤਿਕਾਰ ਸਹਿਤ ਇਸ ਭੇਟ ਨੂੰ ਪ੍ਰਵਾਨ ਨਹੀਂ ਕੀਤਾ। ਗੁਰੂ ਜੀ ਨੇ ਕਿਹਾ ਕਿ ਲੰਗਰ ਲੋਕਾਂ ਵਲੋਂ ਇਕੱਤਰ ਕੀਤੀ ਹੋਈ ਭੇਟਾ ਤੋਂ ਹੀ ਚਲਣਾ ਚਾਹੀਦਾ ਹੈ। ਗੁਰੂ ਜੀ ਨੇ ਬਾਦਸ਼ਾਹ ਅਕਬਰ ਨਾਲ ਸਦ-ਭਾਵਨਾ ਵਾਲੇ ਸਬੰਧ ਬਣਾਏ ਰਖੇ।




**ਵਿਧਵਾ ਦਾ ਪੁਨਰ ਵਿਆਹ:** ਗੁਰੂ ਜੀ ਨੇ ਸਤੀ ਦੀ ਰਸਮ ਦੇ ਵਿਰੁਧ ਪ੍ਰਚਾਰ ਕੀਤਾ ਜਿਸ ਹਿੰਦੂ ਪ੍ਰਥਾ ਅਨੁਸਾਰ ਪਤਨੀ ਨੂੰ ਪਤੀ ਦੀ ਬਲਦੀ ਚਿਖਾ ਤੇ ਜਲ ਦਿਤਾ ਜਾਂਦਾ ਸੀ। ਗੁਰੂ ਜੀ ਨੇ ਵਿਧਵਾਵਾਂ ਨੂੰ ਦੁਬਾਰਾ ਵਿਆਹ ਕਰਕੇ ਨਵਾਂ ਜੀਵਨ ਸ਼ੁਰੂ ਕਰਨ ਦਾ ਮੌਕਾ ਦਿਤਾ। ਗੁਰੂ ਜੀ ਦਾ ਕਹਿਣਾ ਸੀ ਕਿ ਔਰਤ ਕਿਸੇ ਮਰਦ ਦੀ ਜਾਇਦਾਦ ਨਹੀਂ, ਇਕ ਆਜ਼ਾਦ ਰੂਪ ਵਿਚ ਸਮਾਜ ਵਿਚ ਬਰਾਬਰੀ ਦਾ ਦਰਜਾ ਰਖਦੀ ਹੈ। ਗੁਰੂ ਜੀ ਨੇ ਔਰਤਾਂ ਨੂੰ ਪਰਦੇ ਦੇ ਰਿਵਾਜ ਨੂੰ ਖਤਮ ਕਰਨ ਲਈ ਕਿਹਾ ਜੋ ਕਿ ਹਿੰਦੂ ਅਤੇ ਮੁਸਲਿਮ ਦੋਨਾਂ ਜਾਤੀਆਂ ਵਿਚ ਪ੍ਰਚਲਤ ਸੀ।

**ਮੰਜੀਆਂ ਦੀ ਸਥਾਪਤੀ:** ਸਿੱਖੀ ਦੇ ਵਿਸਥਾਰ ਲਈ ਗੁਰੂ ਅਮਰਦਾਸ ਜੀ ਨੇ ਸਿੱਖਾਂ ਦੇ ਰਹਿਣ ਵਾਲੇ ਸਾਰੇ ਖੇਤਰਾਂ ਨੂੰ ੨੨ ਮੰਜੀਆਂ ਵਿਚ ਵੰਡਿਆ। ਹਰ ਖੇਤਰ ਨੂੰ 'ਮੰਜੀ' ਕਿਹਾ ਜਾਂਦਾ ਸੀ। ਸਿੱਖੀ ਦੇ ਪਰਚਾਰ ਲਈ 'ਮੰਜੀ' ਕੇਂਦਰ ਬਣ ਗਿਆ। ਕੁਝ ਔਰਤਾਂ ਇਹਨਾਂ 'ਮੰਜੀਆਂ' ਦੇ ਸੰਚਾਲਕ ਸਨ। ਇਹਨਾਂ 'ਮੰਜੀਆਂ' ਦੇ ਸੰਚਾਲਕ ਉਚ-ਚਰਿਤਰ ਦੇ ਧਾਰਣੀ ਹੁੰਦੇ ਸਨ। ਇਹ ਵਿਅੱਕਤੀ ਸਿੱਖਾਂ ਦੇ ਸੁਆਲਾਂ ਦੇ ਜੁਆਬ ਦਿੰਦੇ ਅਤੇ ਸਿੱਖੀ ਨਿਯਮਾ ਬਾਰੇ ਸਿੱਖਾਂ ਦੇ ਸ਼ੰਕੇ ਨਵਿਰਤ ਕਰਦੇ। ਇਹ 'ਮੰਜੀ' ਸੰਚਾਲਕ ਸਾਲ ਵਿਚ ਦੋ ਵਾਰ ਗੁਰੂ ਜੀ ਪਾਸ ਆਉਂਦੇ ਸਨ। ਉਹ ਗੁਰੂ ਜੀ ਪਾਸੋਂ ਸਿੱਖਾ ਦੇ ਉਹਨਾਂ ਸੁਆਲਾਂ ਬਾਰੇ ਸਪਸ਼ਟੀਕਰਨ ਲਈ ਬੇਨਤੀ ਕਰਦੇ ਸਨ ਜੋ ਉਹ ਆਪ ਨਹੀਂ ਕਰ ਸਕਦੇ ਸਨ। ਇਸਤਰ੍ਹਾਂ ਕਰਨ ਨਾਲ ਲੋਕ ਕਿਸੇ ਵੀ ਧਾਰਮਿਕ ਅਗਵਾਈ ਲਈ ਹੁਣ ਬ੍ਰਾਹਮਣਾਂ ਕੋਲ ਨਹੀਂ ਜਾਂਦੇ ਸਨ। ਇਸਤ੍ਰਾ ਬ੍ਰਾਹਮਣਾਂ ਦੀ ਕਮਾਈ ਵਿਚ ਘਾਟਾ ਪੈਣ ਲੱਗਾ। ਗੁਰੂ ਜੀ ਦੀਆਂ ਸਿਖਿਆਂ ਨੂੰ ਦੂਰ ਦੂਰ ਤੱਕ ਫੈਲਾਉਣਾ ਵੀ ਸੁਖਾਲਾ ਹੋ ਗਿਆ ਅਤੇ ਗੁਰੁ ਜੀ ਕੋਲ ਸੰਗਤ ਦੀ ਭੇਟਾ ਪੁਚਾਉਣ ਦਾ ਇਕ ਸਾਧਨ ਬਣ ਗਿਆ। ਸਾਰੀ ਸਿੱਖ ਸੰਗਤ ਇਕ ਵੱਡਾ ਪਰਵਾਰ ਬਣ ਗਿਆ।

**ਸਿੱਖ ਰਹਿਤ ਮਰਯਾਦਾ:** ਗੁਰੂ ਜੀ ਨੇ ਰਿਵਾਜੀ ਧਾਰਣਾਵਾਂ ਨੂੰ ਰਸਮੀ ਰੂਪ ਦਿਤਾ ਤਾਕਿ ਨਵੇਂ ਧਰਮ ਵਿਚ ਭਾਵਨਾ, ਗੌਰਵ ਅਤੇ ਸਿੱਖੀ ਦੀ ਪਹਿਚਾਣ ਬਣ ਸਕੇ। ਮੁੱਖ ਉਤਸਵਾਂ ਨੂੰ ਜੀਵਨ ਦੀਆਂ ਘਟਨਾਵਾਂ ਦੇ ਤੌਰ ਤੇ ਸਿਰਜ ਕੇ ਗੁਰੂ ਜੀ ਨੇ ਨਵੇਂ ਉਤਸਵਾਂ ਦੀ ਸ਼ੁਰੂਆਤ ਕੀਤੀ, ਜਿਵੇਂ ਜਨਮ, ਸ਼ਾਦੀ ਅਤੇ ਮਰਨ। ਗੁਰੂ ਜੀ ਨੇ ਆਦੇਸ਼ ਕੀਤਾ ਕਿ ਧਰਮ ਦੇ ਹਰੇਕ ਮੌਕੇ ਸਮੇਂ ਬਾਣੀ ਦਾ ਉਚਾਰਣ ਕੀਤਾ ਜਾਵੇ। ਤੀਜੇ ਨਾਨਕ ਨੇ ਗੁਰੂ ਨਾਨਕ ਦੀਆਂ ਚਲਾਈਆਂ ਧਾਰਣਾਵਾਂ ਦੀ ਸਿਖਿਆ ਦੇਣਾ ਚਾਲੂ ਰਖਿਆ ਅਤੇ ਦੂਜੇ ਨਾਨਕ, ਗੁਰੂ ਅੰਗਦ ਜੀ ਅਨੁਸਾਰ ਹਰ ਵਿਅੱਕਤੀ ਦਾ ਪਿਆਰ ਸਹਿਤ ਸਤਿਕਾਰ ਕਰਨਾ ਵੀ ਦਸਿਆ ਕਿ ਸਭਕੁਛ ਪ੍ਰਮਾਤਮਾ ਦੀ ਰਚਨਾ ਹੈ। ਰੂੜੀਵਾਦੀ ਹਿੰਦੂ ਅਤੇ ਮੁਸਲਮਾਨਾਂ ਵਲੋਂ ਅਤਿ ਦੀ ਵਿਰੋਧਤਾ ਹੋਣ ਦੇ ਬਾਵਜੂਦ ਵੀ ਗੁਰੂ ਜੀ ਨੇ ਇਹ ਸਭ ਕੁਝ ਕੀਤਾ। 'ਸਿੱਖ ਰਹਿਤ ਮਰਯਾਦਾ' ਨੂੰ ਰਸਮੀ ਰੂਪ ਦੇਣਾ ਇਕ ਆਵਸ਼ਿਅਕ ਕਦਮ ਸੀ ਤਾਕਿ ਸਿੱਖ ਮੁੜ ਮੁਸਲਿਮ ਅਤੇ ਹਿੰਦੂ ਰੀਤੀਆਂ ਦੀ ਜਕੜ ਵਿਚ ਵਾਪਿਸ ਨਾ ਚਲੇ ਜਾਣ।

*******************


# ੨੪. ਤੀਜੇ ਨਾਨਕ ਦੀ ਪ੍ਰਬੰਧਕੀ ਪ੍ਰਣਾਲੀ

**ਮੰਜੀ ਪ੍ਰਣਾਲੀ:** ਤੀਜੇ ਨਾਨਕ ਗੁਰੂ ਅਮਰਦਾਸ ਜੀ ਨੇ 'ਮੰਜੀ ਪ੍ਰਣਾਲੀ' ਅਤੇ ਔਰਤਾਂ ਲਈ 'ਪੀਹੜੀ ਪ੍ਰਣਾਲੀ' ਸਥਾਪਤ ਕੀਤੀਆਂ। 'ਮੰਜੀ' ਦਾ ਸ਼ਬਦ ਲੱਕੜ ਦੀ ਇਕ ਨੀਵੀਂ ਮੰਜੀ ਦਾ ਸੰਕੇਤਕ ਹੈ ਜਿਸ ਉੱਪਰ ਸਿੱਖਾਂ ਦਾ ਸੰਗਤੀ ਆਗੂ ਬੈਠ ਕੇ ਸਿੱਖੀ ਅਸੂਲਾਂ ਅਤੇ ਨਿਯਮਾਂ ਦੀ ਵਿਆਖਿਆ ਕਰਦਾ ਸੀ। ਵਿਆਖਿਆ ਤੋਂ ਬਾਅਦ ਸਿੱਖ ਸੰਗਤਾਂ ਮਿਲਕੇ ਸ਼ਬਦਾਂ ਦਾ ਗਾਇਨ ਕਰਦੀਆਂ ਸੀ।

ਇਸਤਰ੍ਹਾਂ ਕਰਨ ਨਾਲ ਇਕ ਤਰਕਸ਼ੀਲ ਅਤੇ ਸੁਯੋਗ ਪ੍ਰਬੰਧਨ ਕਰਨ ਵਿਚ ਮਦਦ ਮਿਲੀ ਜਿਸ ਨਾਲ ਸਿੱਖੀ ਦਾ ਸਾਰੇ ਪੰਜਾਬ ਅਤੇ ਭਾਰਤ ਵਿਚ ਫੈਲਾਓ ਹੋਇਆ। ੨੨ ਸ਼ਰਧਾਲੂ ਸਿੱਖ ਅਤੇ ਔਰਤਾ ਨੂੰ ਗੁਰੂ ਅਮਰਦਾਸ ਜੀ ਨੇ ਸਾਰੇ ਭਾਰਤ ਵਿਚ ਗੁਰੂ ਨਾਨਕ ਜੀ ਦੀਆਂ ਸਿਖਿਆਵਾਂ ਦਾ ਪ੍ਰਚਾਰ ਕਰਨ ਲਈ ਨਿਯੁਕਤ ਕੀਤਾ। ਇਸ ਨਾਲ ਸਿੱਖਾਂ ਨੂੰ ਅਧਿਆਤਮਿਕ ਅਗਵਾਈ ਮਿਲੀ ਅਤੇ ਸਾਰੀ ਸੰਗਤ ਗੁਰੂ ਨਾਨਕ ਜੀ ਦੀਆਂ ਸਿਖਿਆਵਾ ਨਾਲ ਜੁੜੀ ਰਹੀ।

ਆਪਣੇ ਸਤਿਗੁਰ ਪ੍ਰਤੀ ਸਤਿਕਾਰ ਨਾਲ ਭੇਂਟ ਕੀਤਾ ਦਸਵੰਧ ਇਕੱਠਾ ਕਰਨਾ ਵੀ ਹਰੇਕ ਮੰਜੀ ਦੀ ਜ਼ਿੰਮੇਵਾਰੀ ਸੀ। ਸਿੱਖਾਂ ਵਲੋਂ ਇਕੱਤਰ ਕੀਤੀ ਭੇਟਾ ਲੰਗਰ ਵਾਸਤੇ ਅਤੇ ਸਥਾਨਕ ਲੋੜਾਂ ਵਾਸਤੇ ਵਰਤੀ ਜਾਂਦੀ ਸੀ ਅਤੇ ਬਾਕੀ ਬਚੀ ਰਕਮ ਗੁਰੂ ਦੀ ਗੋਲਕ ਵਾਸਤੇ ਗੋਇੰਦਵਾਲ ਭੇਜ ਦਿਤੀ ਜਾਂਦੀ ਸੀ।

ਗੁਰੂ ਜੀ ਦੀਆਂ ਸਿਖਿਆਵਾਂ ਨੂੰ ਸੁਨਣ ਲਈ ਆਉਂਦੇ ਸਿੱਖਾਂ ਦੀ ਵਧਦੀ ਗਿਣਤੀ ਨਾਲ ਗੋਇੰਦਵਾਲ ਇਕ ਬਹੁਤ ਰੁਝਿਆ ਹੋਇਆ ਕੇਂਦਰ ਬਣਦਾ ਜਾ ਰਿਹਾ ਸੀ। ਸੋ, ਗੁਰੂ ਜੀ ਦੀ ਗੋਇੰਦਵਾਲ ਵਿਚ ਹੋਂਦ ਜ਼ਰੂਰੀ ਹੁੰਦੀ ਜਾ ਰਿਹਾ ਸੀ। 'ਮੰਜੀਆਂ' ਦੀ ਨਿਯੁਕਤੀ ਕਰਨ ਨਾਲ ਭਾਰਤ ਦੇ ਹੋਰ ਹਿਸਿਆਂ ਵਿਚ ਸਿੱਖ ਭਾਈਚਾਰੇ ਦਾ ਪ੍ਰਬੰਧ ਕਰਨਾ ਸੁਖਾਲਾ ਹੋ ਗਿਆ। ਗੁਰੂ ਜੀ ਚਾਹੁੰਦੇ ਸਨ ਕਿ ਸਿੱਖ ਪਰਵਾਰਕ ਜੀਵਨ ਜੀਣ। 'ਮੰਜੀ' ਪ੍ਰਣਾਲੀ ਕਰਕੇ ਸਿੱਖਾਂ ਨੂੰ ਪਰਵਾਰਕ ਜੀਵਨ ਜੀਂਵਦਿਆਂ ਅਧਿਆਤਮਿਕਤਾ ਦੀ ਮਦਦ ਵੀ ਮਿਲੀ।





ਪੂਰੀ ਤਰ੍ਹਾਂ ਸ਼ਰਧਾਵਾਨ ਸਿੱਖ, ਮਰਦ ਅਤੇ ਔਰਤਾਂ, ਨੂੰ ਇਸ 'ਮੰਜੀ' ਪ੍ਰਣਾਲੀ ਰਾਹੀਂ ਇਹਨਾਂ ਖੇਤਰਾਂ

ਵਿਚ ਸਿੱਖੀ ਦਾ ਪਰਚਾਰ ਕਰਨ ਲਈ ਨਿਯੁਕਤ ਕੀਤਾ ਗਿਆ – ਮਾਝਾ (ਅੰਮ੍ਰਿਤਸਰ, ਲਾਹੌਰ ਅਤੇ ਸਿਆਲਕੋਟ ਜ਼ਿਲ); ਦੁਆਬੇ ਵਿਚ ਜਲੰਧਰ ਅਤੇ ਹੋਰ ਪਾਸਿਆਂ ਵਿਚ ਕਾਂਗੜਾ ਅਤੇ ਕਸ਼ਮੀਰ ਪਹਾੜੀਆਂ; ਮਾਲਵਾ ਵਿਚ ਪਟਿਆਲਾ, ਲੁਧਿਆਣਾ ਅਤੇ ਬਠਿੰਡਾ ਜ਼ਿਲੇ ਅਤੇ ਸਿੰਧ। ਇਹਨਾਂ ਵਿਚੋਂ ਕੁਝ ਖੇਤਰ ਅੱਜ ਕਲ੍ਹ ਪਾਕਿਸਤਾਨ ਵਿਚ ਹਨ ਜਾਂ ਕੁਝ ਉੱਤਰੀ ਭਾਰਤ ਵਿਚ ਹਨ ਜਿਵੇਂ ਹਿਮਾਚਲ ਪ੍ਰਦੇਸ਼ ਅਤੇ ਕਸ਼ਮੀਰ ਜੋ ਪੰਜਾਬ ਦੇ ਗੁਆਂਢੀ ਸੂਬੇ ਹਨ।

**ਪੀਹੜੀ ਪ੍ਰਣਾਲੀ:** ਗੁਰੂ ਨਾਨਕ ਜੀ ਦੀਆਂ ਸਿਖਿਆਵਾਂ ਦੇ ਪਰਚਾਰ ਲਈ ਗੁਰੂ ਅਮਰਦਾਸ ਜੀ ਨੇ ਪੰਜਾਬ ਅਤੇ ਭਾਰਤ ਦੀਆਂ ਔਰਤਾਂ ਲਈ ਵਿਸ਼ੇਸ ਕਰਕੇ “ਪੀਹੜੀ ਪ੍ਰਣਾਲੀ” ਦੀ ਸਥਾਪਨਾ ਕੀਤੀ। ‘ਪੀਹੜੀ’ ਲੱਕੜ ਦਾ ਬਣਿਆ ਇਕ ਛੋਟਾ ਸਟੂਲ ਹੁੰਦਾ ਹੈ ਜਿਸ ਤੇ ਬੈਠ ਕੇ ਸੰਗਤਾਂ ਦੀ ਅਗਵਾਈ ਕੀਤੀ ਜਾਂਦੀ ਹੈ। ਬੇਸ਼ੱਕ ਗੁਰੂ ਨਾਨਕ ਜੀ ਨੇ ਹਿੰਦੂ, ਮੁਸਲਿਮ, ਬੋਧੀ ਅਤੇ ਜੈਨ ਔਰਤ ਅਤੇ ਮਰਦਾਂ ਵਿਚ ਬਰਾਬਰਤਾ ਦਾ ਹੋਕਾ ਦਿਤਾ ਸੀ ਪਰ ਔਰਤਾਂ, ਫਿਰ ਵੀ, ਬਹੁਤਾ ਕਰਕੇ ਮਰਦਾਂ ਦੇ ਅਧੀਨ ਸਨ।

ਔਰਤਾਂ ਨੂੰ ਮਹਾਵਾਰੀ ਅਤੇ ਬੱਚੇ ਨੂੰ ਜਨਮ ਦੇਣ ਦੇ ਸਮੇਂ ਅਪਵਿੱਤਰ ਸਮਝਿਆ ਜਾਂਦਾ ਸੀ ਅਤੇ ਨਜ਼ਰ ਤੋਂ ਉਹਲੇ ਵੱਖ ਕਰਕੇ ਰਖਿਆ ਜਾਂਦਾ ਸੀ। ਸਾਰੇ ਧਰਮਾਂ ਵਿਚ, ਔਰਤਾਂ ਨੂੰ ਦੀਵਾਰ ਦੇ ਪਿੱਛੇ ਰਖਿਆ ਜਾਂਦਾ ਸੀ ਅਤੇ ਪਰਦੇ ਵਿਚ ਰਹਿਣ ਦੀ ਹੀ ਆਗਿਆ ਸੀ। ਮੁਸਲਿਮ ਔਰਤਾਂ ਨੂੰ ਉਹਨਾਂ ਦੇ ਪਤੀ ਬਹੁਤ ਘੱਟ ਸ਼ਬਦਾਂ ਦੀ ਵਰਤੋਂ ਨਾਲ ਤਲਾਕ ਦੇ ਸਕਦੇ ਸੀ। ਪਤੀ ਦੇ ਮਰਨ ਦਾ ਕਾਰਨ ਵੀ ਔਰਤਾਂ ਦੇ ਮਾੜੇ ਕਰਮ ਮਨਿਆ ਜਾਂਦਾ ਸੀ। ਔਰਤਾਂ ਨੂੰ ਦੁਬਾਰਾ ਸ਼ਾਦੀ ਕਰਨ ਦੀ ਆਗਿਆ ਨਹੀਂ ਸੀ। ਵਿਧਵਾ ਔਰਤ ਕੋਈ ਰੰਗਦਾਰ ਕਪੜਾ ਨਹੀਂ ਪਾ ਸਕਦੀਆਂ ਸਨ ਅਤੇ ਮਾਂ ਦੇ ਘਰ ਤੋਂ ਬਾਹਰ ਜਾਣ ਦੀ ਮਨਾਹੀ ਸੀ। ਘਰ ਵਿਚ ਔਰਤਾਂ ਨੂੰ ਗੁਲਾਮਾਂ ਦੀ ਤਰ੍ਹਾਂ ਸਮਝਿਆ ਜਾਂਦਾ ਸੀ। ਗੁਰੂਆਂ ਨੇ ਅਜਿਹੇ ਵਿਵਹਾਰਾਂ ਅਤੇ ਸਤੀ ਪ੍ਰਥਾ ਨੂੰ ਘ੍ਰਿਣਾ ਯੋਗ ਕਿਹਾ।




ਉਸ ਵੇਲੇ ਦੇ ਭਾਰਤੀ ਸਮਾਜ ਵਿਚ, ਮਰਦਾਂ ਦਾ ਪਤਨੀਆਂ ਅਤੇ ਲੜਕੀਆਂ ਉੱਪਰ ਦਬਦਬਾ ਹੋਣ ਕਾਰਨ, ਇਕ ਪਰਵਾਰ ਦੀ ਇਜ਼ਤ ਮਾਣ ਔਰਤਾਂ ਦੇ ਨਿੱਜੀ ਪਰਵਾਰ ਤੋਂ ਬਾਹਰ ਕਿਸੇ ਵੀ ਮਰਦ ਦੀ ਸੰਗਤ ਵਿਚ ਨ ਆਉਣ ਨੂੰ ਮਨਿਆ ਜਾਂਦਾ ਸੀ। ਸੋ, ਕਿਸੇ ਵੀ ਅਨਉਚਿੱਤਤਾ ਦੇ ਪ੍ਰਭਾਵ ਤੋਂ ਬਚਣ ਲਈ

ਗੁਰੂ ਅਮਰਦਾਸ ਜੀ ਨੇ ਇਕ ਐਸੀ ਪ੍ਰਣਾਲੀ ਨੂੰ ਲਿਆਂਦਾ ਜਿਸ ਵਿਚ ਔਰਤ-ਅਧਿਆਤਮਿਕ-ਆਗੂ ਦੂਜੀਆਂ ਔਰਤਾਂ ਨੂੰ ਸਿੱਖ ਨਿਯਮਾਂ ਅਤੇ ਰਵਾਇਤਾਂ ਬਾਰੇ ਅਗਵਾਈ ਦੇਵੇ। ਗੁਰੂ ਨਾਨਕ ਜੀ ਨੇ ਸੱਚਮੁੱਚ ਔਰਤ ਦੀ ਮੁਕਤੀ ਦੀ ਸ਼ੁਰੂਆਤ ਕੀਤੀ, ਅਸਮਾਨਤਾ ਦੇ ਵਿਰੁਧ ਪ੍ਰਚਾਰ ਕੀਤਾ ਜੋ ਸਦੀਆਂ ਬਾਅਦ ਵੀ ਕਈ ਸਭਿਆਚਾਰਾਂ ਵਿੱਚ ਪ੍ਰਚਲਿਤ ਹੈ। ਸਾਰੇ ਗੁਰੂਆਂ ਨੇ ਇਸ ਦਾ ਪਾਲਣ ਕੀਤਾ ਅਤੇ ਉੱਚ ਪਧਰਾਂ ਤਕ ਇਸਦਾ ਪ੍ਰਚਾਰ ਕੀਤਾ।

'ਪੀਹੜੀ ਪ੍ਰਣਾਲੀ' ਵਿਚ ਆਗੂ ਔਰਤ ਦਾ ਕੰਮ ਦੂਜੀਆਂ ਔਰਤਾਂ ਨੂੰ ਗੁਰੂ ਦੇ ਸ਼ਬਦ ਨਾਲ ਜਾਗਰੁਕ ਕਰਨਾ ਸੀ ਅਤੇ ਨਾਮ ਦੀ ਮਹਿਮਾ ਦੀ ਮਹਿਕ ਨੂੰ ਫੈਲਾਉਣਾ ਸੀ। ਬੀਬੀ ਭਾਨੀ, ਬੀਬੀ ਦਾਨੀ ਅਤੇ ਬੀਬੀ ਪਾਲ 'ਪੀਹੜੀਆਂ' ਦੀਆਂ ਕੁਝ ਬਹੁਤ ਹੀ ਆਦਰਣੀਯ ਔਰਤਾਂ ਸਨ ਜੋ ਤੀਜੇ ਨਾਨਕ, ਗੁਰੂ ਅਮਰਦਾਸ ਜੀ ਨੇ ਸਥਾਪਤ ਕੀਤੀਆਂ।

'ਮੰਜੀ' ਅਤੇ 'ਪੀਹੜੀ' ਪ੍ਰਣਾਲੀਆਂ ਦੋਨਾ ਦਾ ਮੰਤਵ ਇੱਕੋ ਹੀ ਸੀ - ਸਿੱਖ ਔਰਤਾਂ ਅਤੇ ਮਰਦਾਂ ਵਿਚ ਸਿੱਖੀ ਨੂੰ ਅਤੇ ਬਰਾਬਰਤਾ ਦੇ ਵਿਵਹਾਰ ਨੂੰ ਸਾਰੇ ਪੰਜਾਬ ਅਤੇ ਭਾਰਤ ਦੇ ਹਿੱਸਿਆਂ ਵਿਚ ਪਰਸਾਰਤ ਕਰਨਾ।

*******************

# ੨੫. ਤੀਜੇ ਨਾਨਕ ਦੀਆਂ ਵਿਸ਼ੇਸ਼ਤਾਈਆਂ

੧੪੭੯ - ੧੫੭੪

| | |
|---|---|
| ਜਨਮ: | ਮਈ ੫, ੧੪੭੯ |
| ਜਨਮ ਸਥਾਨ : | ਪਿੰਡ ਬਾਸਰਕੇ ਗਿੱਲਾਂ, ਅੰਮ੍ਰਿਤਸਰ ਜ਼ਿਲਾ |
| ਮਾਤਾ ਪਿਤਾ : | ਪਿਤਾ ਜੀ - ਤੇਜ ਭਾਨ ਭੱਲਾ<br>ਮਾਤਾ ਜੀ - ਬਖ਼ਤ ਕੌਰ (ਸੁਲਖਣੀ ਅਤੇ ਲਖਮੀ ਦੇਵੀ ਵਜੋਂ ਵੀ ਜਾਣੀ ਜਾਂਦੀ ਹੈ ) |
| ਪਤਨੀ | ਮਾਤਾ ਮਨਸਾ ਦੇਵੀ |
| ਬੱਚੇ : | ਦੋ ਧੀਆਂ-ਦਾਨੀ ਅਤੇ ਭਾਨੀ (ਸ਼ਾਦੀ ਬਾਅਦ ਵਿਚ ਗੁਰੂ ਰਾਮਦਾਸ ਜੀ ਨਾਲ ਹੋਈ।<br>ਦੋ ਲੜਕੇ - ਮੋਹਨ ਅਤੇ ਮੋਹਰੀ |
| ਗੁਰਗੱਦੀ: | ਅਪ੍ਰੈਲ ੧੬, ੧੫੫੨ (ਆਯੂ ੭੩ ਸਾਲ) |
| ਜੋਤੀ ਜੋਤ: | ਸਤੰਬਰ ੧, ੧੫੭੪ (ਆਯੂ ੯੫ ਸਾਲ) |
| ਯੋਗਦਾਨ | ▪ ਗੁਰਬਾਣੀ ਦੇ ੯੦੭ ਸ਼ਬਦ ਜੋ ਗੁਰੂ ਗਰੰਥ ਸਾਹਿਬ ਵਿਚ ਅੰਕਿਤ ਹਨ।.<br>▪ ਅਨੰਦ ਸਾਹਿਬ ਦੀ ਅਰਦਾਸ ਦਾ ਤੋਹਫ਼ਾ ਜਿਸਨੂੰ ਸ਼ਰਧਾਲੂ ਸਿੱਖ ਰੋਜ਼ਾਨਾ ਪੰਜ ਬਾਣੀਆਂ ਵਿਚ ਪੜ੍ਹਦੇ ਹਨ।<br>▪ ਗੁਰਦੁਆਰੇ ਵਿਚ ਆਉਣ ਵਾਲੇ ਸ਼ਾਰੇ ਯਾਤਰੂ (ਕਿਸੇ ਵੀ ਜਾਤੀ, ਵਿਸ਼ਵਾਸ ਜਾਂ ਸਮਾਜਕ ਸਥਾਨ ਵਿਚੋਂ) ਨੂੰ ਗੁਰੂ ਜੀ ਨੂੰ ਮਿਲਣ ਤੋਂ ਪਹਿਲਾਂ ਲੰਗਰ ਛਕਣ ਲਈ ਕਿਹਾ ਜਾਂਦਾ ਸੀ (ਪਹਿਲੇ ਪੰਗਤ, ਫਿਰ ਸੰਗਤ)। ਜਦੋਂ ਬਾਦਸ਼ਾਹ ਅਕਬਰ ਗੁਰੂ ਜੀ ਨੂੰ ਮਿਲਣ ਆਇਆ, ਉਹਨੇ ਵੀ ਪਹਿਲਾਂ ਲੰਗਰ ਛਕਿਆ ਅਤੇ ਫਿਰ ਗੁਰੂ ਜੀ ਨੂੰ ਮਿਲਿਆ।<br>▪ ਹਿੰਦੂ ਜਾਤ ਪ੍ਰਣਾਲੀ ਦੇ ਵਿਰੋਧ ਵਿਚ ਪਰਚਾਰ ਕੀਤਾ।<br>▪ ਗੁਰੂ ਜੀ ਨੇ ਔਰਤਾਂ ਦੇ ਪੱਧਰ ਨੂੰ ਉੱਪਰ ਚੁਕਿਆ ਅਤੇ ਉਹਨਾਂ ਨੂੰ ਮਰਦਾਂ ਦੇ ਬਰਾਬਰ ਦਾ ਅਧਿਕਾਰ ਦਿਤਾ। ਗੁਰੂ ਜੀ ਨੇ ਸਤੀ ਅਤੇ ਪਰਦੇ ਦੀ ਰਸਮਾਂ ਦਾ ਜ਼ਬਰਦਸਤ ਖੰਡਨ ਕੀਤਾ ਅਤੇ ਦੂਜੀ ਸ਼ਾਦੀ ਕਰਨ ਲਈ ਉਤਸ਼ਾਹਤ ਕੀਤਾ।<br>▪ ਭਾਰਤ ਵਿਚ ਸਿੱਖ ਸੰਗਤਾਂ ਦੇ ਵਧਦੇ ਸੰਗਠਨ ਨੂੰ ਦੇਖ ਕੇ ਬਾਣੀ ਦੇ ਸੰਦੇਸ਼ ਦੇ ਪਰਚਾਰ ਲਈ 'ਮੰਜੀ' ਅਤੇ 'ਪੀਹੜੀ' ਦੀ ਪ੍ਰਣਾਲੀ ਨੂੰ ਪ੍ਰਬੰਧਨ ਪ੍ਰਣਾਲੀ ਵਜੋਂ ਸਥਾਪਤ ਕੀਤਾ।<br>▪ ੧੫੫੨ ਈਸਵੀ ਵਿਚ ਬਿਆਸ ਦਰਿਆ ਦੇ ਕਿਨਾਰੇ ਗੋਇੰਦਵਾਲ ਸ਼ਹਿਰ ਦੀ ਸਥਾਪਨਾ ਕੀਤੀ। |

# ਮੌਤ ਵੇਲੇ ਦੀਆਂ ਰਸਮਾਂ ਤੇ ਸੰਸਕਾਰ

## ਹਿੰਦੂ ਧਰਮ :

ਹਿੰਦੂ ਧਰਮ ਵਿੱਚ ਪੇਚੀਦਾ ਨਿਅਮ ਅਤੇ ਕਰਮਕਾਂਡੀ ਸੰਸਕਾਰ ਹਨ। ਇਹਨਾਂ ਦਾ ਸੰਖੇਪ ਵਿੱਚ ਵਰਨਨ ਹੇਠਾਂ ਕੀਤਾ ਗਿਆ ਹੈ।

ਮਰਨ ਤੇ, ਵਿਅੱਕਤੀ ਦੇ ਸਰੀਰ ਨੂੰ ਬਿਸਤਰ ਤੋਂ ਹਟਾ ਕੇ ਫ਼ਰਸ਼ ਤੇ ਲਿਟਾ ਦਿਤਾ ਜਾਦਾ ਹੇ। ਹੱਥ ਨਾਲ ਬਣਿਆ ਆਟੇ ਦਾ ਦੀਵਾ ਮਰੇ ਹੋਏ ਸਰੀਰ ਦੇ ਹੱਥ ਉੱਪਰ ਰੱਖ ਦਿਤਾ ਜਾਂਦਾ ਹੈ। ਆਪਣੀ ਸਮਰੱਥਾ ਅਨੁਸਾਰ ਦਾਨ ਵਜੋਂ ਕੁਝ ਪੈਸੇ ਵੀ ਪੁਜਾਰੀ ਲਈ ਦੀਵੇ ਦੇ ਨਜ਼ਦੀਕ ਰਖ ਦਿਤੇ ਜਾਂਦੇ ਹਨ। ਇਸਦਾ ਕਾਰਨ ਇਹ ਦਸਿਆ ਜਾਂਦਾ ਹੈ ਕਿ ਵਿਅੱਕਤੀ ਨੂੰ ਦੂਜੀ ਦੁਨੀਆਂ ਵਿਚ ਜਾਣ ਲਈ ਅੰਧੇਰ ਗਲੀਆਂ ਵਿਚੋਂ ਲੰਘਣਾ ਪੈਂਦਾ ਹੈ ਅਤੇ ਰਸਤਾ ਲੱਭਣ ਲਈ ਉਸਨੂੰ ਰੌਸ਼ਨੀ ਦੀ ਲੋੜ ਪੈਂਦੀ ਹੈ। ਸਸਕਾਰ ਤੋਂ ਪਹਿਲਾਂ, ਆਟੇ ਦੇ ਬਣੇ ਗੋਲ ਪੇੜੇ ਲੋਕਾਂ ਵਿਚ ਵੰਡ ਦਿਤੇ ਜਾਂਦੇ ਹਨ। ਪੁਜਾਰੀ ਆਪਣੇ ਮੂੰਹ ਵਿਚ ਕੁਝ ਪਾਣੀ ਲੈਂਦਾ ਹੈ ਅਤੇ ਚੂਲੀ ਕਰ ਦਿੰਦਾ ਹੈ। ਇਹ ਸਾਰਾ ਕੁਝ ਮਰੇ ਵਿਅੱਕਤੀ ਦੀ ਰੂਹ ਲਈ ਅਗਲੀ ਦੁਨੀਆਂ ਵਿਚ ਕੰਮ ਆਉਣਾ ਹੁੰਦਾ ਹੈ।

ਇਹ ਮੰਨਿਆ ਜਾਂਦਾ ਹੈ ਕਿ ਮਰ ਗਏ ਵਿਅੱਕਤੀ ਦੀ ਰੂਹ ੧੩ ਦਿਨ ਘਰ ਦੇ ਇਰਦ ਗਿਰਦ ਘੁੰਮਦੀ ਰਹਿੰਦੀ ਹੈ ਅਤੇ ਅੱਗੇ ਜਾਣ ਤੋਂ ਝਿਜਕਦੀ ਹੈ। ੧੩ ਦਿੰਨਾਂ ਦੌਰਾਨ, ਬਜ਼ੁਰਗ ਲੋਕ ਆਉਂਦੇ ਰਹਿੰਦੇ ਹਨ ਅਤੇ ਘਰ ਵਿਚ ਰਾਤ ਭਰ ਠਹਿਰਦੇ ਹਨ ਤਾਕਿ ਮਰ ਗਏ ਵਿਅੱਕਤੀ ਦੇ ਸਾਕ ਸਬੰਧੀਆਂ ਨੂੰ ਸਹਾਰਾ ਦਿਤਾ ਜਾ ਸਕੇ।

੧੩ਵੇਂ ਦਿਨ, ਰੂਹ ਨੂੰ ਦੂਜੀ ਦੁਨੀਆਂ ਵਿਚ ਧਕੇਲਣ ਲਈ ਪੁਜਾਰੀ ਧਾਰਮਕ ਰਸਮ ਕਰਦਾ ਹੈ। ਸਮਝਿਆ ਜਾਂਦਾ ਹੈ ਕਿ ਸਫ਼ਰ ਬਹੁਤ ਲੰਬਾ ਹੁੰਦਾ ਹੈ ਅਤੇ ਇਸਨੂੰ ਪੂਰਾ ਕਰਨ ਲਈ ੩੬੦ ਦਿਨ ਲਗਦੇ ਹਨ।

੩੬੫ ਦਿਨਾਂ ਬਾਅਦ, ਵਿਅੱਕਤੀ ਦੇ ਮਰਨ ਵਾਲੇ ਦਿਨ ਇਕ ਵਿਸ਼ੇਸ ਸਮਾਗਮ ਵਰੀਣਾ' ਕੀਤਾ ਜਾਂਦਾ ਹੈ। ਮਰ ਗਏ ਵਿਅੱਕਤੀ ਨੂੰ ਭੇਜੇ ਜਾਣ ਦੇ ਇਰਾਦੇ ਨਾਲ ਬਰਤਨ ਅਤੇ ਕਪੜੇ ਪੁਜਾਰੀ ਨੂੰ ਦਿਤੇ ਜਾਂਦੇ ਹਨ। ਹਰ ਸਾਲ, ਮਰਨ ਵਾਲੇ ਦਿਨ, ਸ਼ਰਾਧਾ ਕੀਤਾ ਜਾਂਦਾ ਹੈ। ਇਸ ਦਿਨ ਕਪੜੇ ਆਦਿਕ ਪੁਜਾਰੀ ਨੂੰ ਇਸ ਉਮੀਦ ਨਾਲ ਦਿਤੇ ਜਾਂਦੇ ਹਨ ਕਿ ਮਰ ਚੁੱਕੇ ਵਿਅੱਕਤੀ ਨੂੰ ਉਹ ਸਭ ਕੁਝ ਦੂਜੀ ਦੁਨੀਆਂ ਵਿਚ ਪਹੁੰਚ ਜਾਣਗੇ।

*(ਉਪਰ ਲਿਖਿਆ 'ਸਿੰਘ ਬ੍ਰਦਰਜ਼' ਵਲੋਂ ਪ੍ਰਕਾਸ਼ਤ ਕੀਤੀ ਪ੍ਰੋ. ਸ਼ਾਹਿਬ ਸਿੰਘ ਦੀ ਪੁਸਤਕ 'ਗੁਰ ਇਤਿਹਾਸ ਪਾਤਸ਼ਾਹੀ ੨-੯' ਦੇ ਪੰਨਾ ੯੨-੯੪ ਤੋਂ ਲਿਆ ਗਿਆ ਹੈ)।*

## ਸਿੱਖ ਧਰਮ:

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਅੰਮਰਿਤਸਰ ਵਲੋਂ ਪ੍ਰਕਾਸ਼ਿਾ ਕੀਤੀ "ਸਿੱਖ ਰਹਿਤ ਮਰਯਾਦਾ"
ਹਟਟਪ://ਾਾ.ਸਗਪਚ.ਨੲਟ/ਰੲਹੳਟ-ਮੳਰੇੳਦੳ.ਪਹਪ


# ਚੌਥੇ ਨਾਨਕ

## ਗੁਰੂ ਰਾਮਦਾਸ ਜੀ

# ੨੯. ਚੌਥੇ ਨਾਨਕ ਦਾ ਮੁੱਢਲਾ ਜੀਵਨ

**੧੫੩੪** *(ਜਨਮ):* ਗੁਰੂ ਰਾਮਦਾਸ ਜੀ ਦਾ ਜਨਮ ਲਾਹੋਰ ਵਿਚ ਚੂਨਾ ਮੰਡੀ (ਹੁਣ ਪਾਕਿਸਤਾਨ) ਵਿਚ ੨੪ ਸਤੰਬਰ ੧੫੩੪ ਈਸਵੀ ਨੂੰ ਹੋਇਆ। ਆਪ ਜੀ ਦੇ ਮਾਤਾ ਪਿਤਾ ਜੀ ਨੇ ਆਪ ਜੀ ਦਾ ਨਾਮ ਰਾਮਦਾਸ ਰਖਿਆ। ਕਿਉਂਕਿ ਉਹ ਪਰਵਾਰ ਵਿਚ ਜਨਮ ਲੈਣ ਵਾਲੇ ਪਹਿਲੇ ਬੱਚੇ ਸੀ, ਉਹਨਾਂ ਨੂੰ 'ਜੇਠਾ' (ਪਹਿਲਾਂ ਜਨਮ ਲੈਣ ਵਾਲਾ ਬੱਚਾ) ਵਜੋਂ ਜਾਣਿਆ ਜਾਣ ਲਗਿਆ। ਆਪ ਦੀ ਮਾਤਾ ਦਾ ਨਾਮ ਮਾਤਾ ਦਇਆ ਕੌਰ ਸੀ ਅਤੇ ਪਿਤਾ ਜੀ ਦਾ ਨਾਮ ਬਾਬਾ ਹਰੀ ਦਾਸ ਸੀ।

ਭਾਈ ਜੇਠਾ ਅਜੇ ਬਹੁਤ ਛੋਟੇ ਸਨ ਕਿ ਆਪ ਦੀ ਮਾਤਾ ਜੀ ਦਾ ਦੇਹਾਤ ਹੋ ਗਿਆ। ਆਪ ਅਜੇ ਸੱਤ ਸਾਲ ਦੇ ਹੀ ਸਨ ਕਿ ਆਪ ਦੇ ਪਿਤਾ ਜੀ ਦਾ ਦੇਹਾਂਤ ਹੋ ਗਿਆ। ਪਿਤਾ ਜੀ ਦੇ ਦੇਹਾਂਤ ਹੋ ਜਾਣ ਤੇ ਆਪ ਦੀ ਨਾਨੀ ਬੱਚੇ ਭਾਈ ਜੇਠਾ ਨੂੰ ਆਪਣੇ ਘਰ ਬਾਸਰਕੇ ਨਗਰ ਵਿਚ ਲੈ ਆਈ। ਪਰਵਾਰ ਬੁਹੁਤ ਗਰੀਬ ਸੀ। ਰੋਜ਼ਾਨਾ ਜੀਵਨ ਦੀਆ ਲੋੜਾਂ ਪੂਰੀਆਂ ਕਰਨ ਲਈ, ਭਾਈ ਜੇਠਾ ਛੋਟੀ ਉਮਰੇ ਹੀ ਛੋਲਿਆ ਦੀਆਂ ਘੁੰਗਣੀਆਂ ਵੇਚਿਆ ਕਰਦੇ ਸਨ। ਭਾਈ ਜੇਠਾ ਬਹੁਤ ਹੀ ਸੁੰਦਰ ਅਤੇ ਹੋਨਹਾਰ ਬੱਚੇ ਸਨ। ਕੁਝ ਜੀਵਨਕਾਰਾਂ ਅਨੁਸਾਰ, ਜਦ ਭਾਈ ਅਮਰਦਾਸ ਦੀ ਆਯੂ ੬੨ ਸਾਲ ਸੀ (ਗੁਰੂ ਬਣਨ ਤੋਂ ਪਹਿਲਾਂ) ਨਾਨੀ ਮਾਂ ਕੋਲ ਉਹਨਾਂ ਦੇ ਦਾਮਾਦ ਦੇ ਦੇਹਾਂਤ ਦਾ ਅਫ਼ਸੋਸ ਕਰਨ ਵੇਲੇ ਖਡੂਰ ਸਾਹਿਬ ਤੋਂ ਬਾਸਰਕੇ ਆਏ, ਤਾਂ ਭਾਈ ਅਮਰਦਾਸ ਦਾ ਬੱਚੇ ਜੇਠਾ ਨਾਲ ਬਹੁਤ ਪਿਆਰ ਬਣ ਗਿਆ। ਭਾਈ ਜੇਠਾ ਬਾਸਰਕੇ ਵਿਚ ਆਪਣੀ ਨਾਨੀ ਜੀ ਕੋਲ ਪੰਜ ਸਾਲ ਰਹੇ।



**੧੫੪੬** *(ਆਯੂ ੧੨ ਸਾਲ):* ਦੂਜੇ ਗੁਰੂ ਨਾਨਕ, ਗੁਰੂ ਅੰਗਦ ਦੇਵ ਜੀ ਦੇ ਕਹਿਣ ਅਨੁਸਾਰ, ਭਾਈ ਅਮਰਦਾਸ ਨੇ ਗੋਇੰਦਵਾਲ ਵਿਖੇ ਇਕ ਸਿੱਖ ਕੇਂਦਰ ਸਥਾਪਤ ਕੀਤਾ। ਭਾਈ ਅਮਰਦਾਸ ਨੇ ਆਪਣੇ ਰਿਸ਼ਤੇਦਾਰਾਂ ਨੂੰ ਇਸ ਨਵੇਂ ਸਥਾਨ ਤੇ ਲੈ ਆਂਦਾ। ਆਪ ਨੇ ਨਾਨੀ ਜੀ ਅਤੇ ਬੱਚੇ ਜੇਠਾ ਨੂੰ ਵੀ ਬਾਸਰਕੇ ਤੋਂ ਗੋਇੰਦਵਾਲ ਲੈ ਆਂਦਾ। ਭਾਈ ਜੇਠਾ ਨੇ ਉਥੇ ਵੀ ਉਬਲੇ ਛੋਲਿਆ ਦੀਆਂ ਘੁੰਗਣੀਆਂ ਵੇਚਣੀਆਂ ਸ਼ੁਰੂ ਕਰ ਦਿਤੀਆਂ ਅਤੇ ਭਾਈ ਅਮਰਦਾਸ ਵਲੋਂ ਕੀਤੇ ਜਾਂਦੇ ਧਾਰਮਿਕ ਸੰਗਤ ਵਿਚ ਵੀ ਹਾਜ਼ਰ ਹੋਣਾ ਸ਼ੁਰੂ ਕਰ ਦਿਤਾ। ਭਾਈ ਜੇਠਾ ਭਾਈ ਅਮਰਦਾਸ ਨਾਲ ਖਡੂਰ ਸਾਹਿਬ ਦੂਜੇ ਨਾਨਕ, ਗੁਰੂ ਅੰਗਦ ਜੀ ਕੋਲ ਵੀ ਜਾਂਦੇ ਸਨ। ਇਹ ਦੱਸਣਾ ਜ਼ਰੂਰੀ ਹੋਵੇਗਾ ਕਿ ਬਾਸਰਕੇ, ਖਡੂਰ ਅਤੇ ਗੋਇੰਦਵਾਲ ਕੋਈ ਬਹੁਤ ਦੂਰੀ ਤੇ ਨਹੀਂ ਹਨ।

**੧੫੫੨** *(ਆਯੂ ੧੮ ਸਾਲ):* ੧੫੫੨ ਈ: ਵਿਚ ਭਾਈ ਅਮਰਦਾਸ ਤੀਜੇ ਨਾਨਕ ਬਣ ਗਏ। ਮਾਤਾ ਮਨਸ਼ਾ ਦੇਵੀ ਨੇ ਇਕ ਦਿਨ ਸੁਝਾ ਦਿਤਾ ਕਿ ਅਮਰਦਾਸ ਜੀ ਆਪਣੀ ਬੇਟੀ ਭਾਨੀ ਲਈ ਕਿਸੇ ਯੋਗ ਵਰ ਦੀ ਭਾਲ ਕਰਨ। ਭਾਈ ਜੇਠਾ ਦੀ ਸਖ਼ਸ਼ੀਅਥ, ਸਿਆਣਪ, ਗੁਰਮਤ ਵਿਚਾਰ ਅਤੇ ਸੇਵਾ ਪ੍ਰਤੀ ਲਗਨ ਨੇ ਤੀਜੇ ਗੁਰੂ, ਗੁਰੂ ਅਮਰਦਾਸ ਜੀ ਨੂੰ, ਪੂਰੀ ਤਰ੍ਹਾਂ ਯੋਗ ਵਰ ਦੇ ਤੌਰ ਤੇ ਪ੍ਰਭਾਵਤ ਕਰ ਰਖਿਆ ਸੀ। ਗੁਰੂ ਜੀ ਪੂਰੀ ਤਰ੍ਹਾਂ ਮਨ ਬਣਾ ਚੁੱਕੇ ਸਨ ਕਿ ਭਾਈ ਜੇਠਾ ਹੀ ਉਹਨਾਂ ਦੀ ਬੇਟੀ ਭਾਨੀ ਵਾਸਤੇ ਯੋਗ ਵਰ ਸਨ। ਭਾਈ ਜੇਠਾ ਅਤੇ ਬੀਬੀ ਭਾਨੀ ਦੀ ਸ਼ਾਦੀ ਦਸੰਬਰ ੧੫੫੨ ਵਿਚ ਹੋਈ। ਉਹਨਾਂ ਦੇ ਘਰ ਤਿੰਨ ਲੜਕੇ ਪੈਦਾ ਹੋਏ: ਪਿਰਥੀ ਚੰਦ (੧੫੫੮ ਵਿਚ), ਮਹਾਂਦੇਵ (੧੫੬੦ ਵਿਚ) ਅਤੇ ਅਰਜਨ (੧੫੬੩ ਵਿਚ, ਜੋ ਬਾਅਦ ਵਿਚ ਪੰਜਵੇਂ ਨਾਨਕ ਬਣੇ)। ਸ਼ਾਦੀ ਤੋਂ ਬਾਅਦ, ਭਾਈ ਜੇਠਾ ਆਪਣੇ ਸਹੁਰਾ ਪਰਵਾਰ ਕੋਲ ਹੀ ਰਹੇ ਅਤੇ ਗੁਰੂ ਘਰ ਦੇ ਸਿੱਖੀ ਕਾਰਜਾਂ ਵਿਚ ਪੂਰੀ ਲਗਨ ਨਾਲ ਮਗਨ ਰਹੇ। ਗੁਰੂ ਅਮਰਦਾਸ ਜੀ ਵਿਚ ਆਪ ਦਾ ਪੂਰਨ ਵਿਸ਼ਵਾਸ ਸੀ ਅਤੇ ਭਾਰਤ ਦੇ ਵੱਖ ਵੱਖ ਹਿੱਸਿਆਂ ਵਿਚ ਲੰਬੇ ਮਿਸ਼ਨਰੀ ਦੌਰਿਆਂ ਤੇ ਅਕਸਰ ਉਹਨਾਂ ਦੇ ਨਾਲ ਜਾਂਦੇ ਸਨ।

**੧੫੫੮** *(ਆਯੂ ੨੪ ਸਾਲ):* ਤੀਸਰੇ ਨਾਨਕ ਭਾਰਤ ਦੇ ਵੱਖ ਵੱਖ ਹਿੰਦੂ ਤੀਰਥ ਸਥਾਨਾਂ ਤੇ ਇਕੱਤਰ ਲੋਕਾਂ ਨੂੰ ਸਿੱਖੀ ਦਾ ਪਰਚਾਰ ਕਰਨ ਤੋਂ ਬਾਅਦ ਵਾਪਸ ਗੋਇੰਦਵਾਲ ਆ ਗਏ। ਇਸ ਪਰਚਾਰ ਦੌਰਾਨ ਗੁਰੂ ਜੀ ਨੇ ਸਿੱਖੀ ਜੀਵਨ ਬਾਰੇ, ਕਿਸੇ ਭੇਦ ਭਾਵ ਤੋਂ ਬਿਨਾਂ ਲੰਗਰ ਛਕਣਾ, ਵੱਖ ਵੱਖ ਵਿਸ਼ਵਾਸਾਂ ਦੇ ਲੋਕਾਂ ਨਾਲ ਇੱਕੋ ਜਿਹਾ ਵਿਵਹਾਰ ਕਰਨਾ ਅਤੇ ਇਕ ਰੂਪ ਵਿਚ ਸੇਵਾ ਕਰਨ ਬਾਰੇ ਲੋਕਾਂ ਨੂੰ ਸਮਝਾਇਆ।

ਗੋਇੰਦਵਾਲ ਪਹੁੰਚਣ ਤੇ ਗੁਰੂ ਜੀ ਨੇ ਇਕ ਬਾਉਲੀ ਦੀ ਉਸਾਰੀ ਦਾ ਕੰਮ ਸ਼ੁਰੂ ਕਰਵਾਇਆ। ਇਸ ਬਾਉਲੀ ਦੀ ਉਸਾਰੀ ਬਾਰੇ ਜਦੋਂ ਸ਼ਰਧਾਲੂਆਂ ਨੂੰ ਪਤਾ ਚਲਿਆ, ਤਾਂ ਬਹੁਤ ਸਾਰੀ ਸੰਗਤ ਨੇ ਇਸ ਕੰਮ ਦੀ ਸੇਵਾ ਵਿਚ ਹਿੱਸਾ ਲੈਣ ਲਈ ਆਉਣਾ ਸ਼ੁਰੂ ਕੀਤਾ। ਇਕ ਦਿਨ, ਲਾਹੌਰ ਤੋਂ ਕੁਝ ਯਾਤਰੂ ਆਏ ਜੋ ਹਰਦੁਆਰ ਦੇ ਇਸਨਾਨ ਲਈ ਜਾ ਰਹੇ ਸਨ। ਉਹ ਸਾਰੇ ਗੋਇੰਦਵਾਲ ਠਹਿਰੇ। ਭਾਈ ਜੇਠਾ ਨੂੰ ਦੇਖ ਕੇ ਉਹ ਬਹੁਤ ਹੈਰਾਨ ਹੋਏ, ਜੋ ਕਿ ਇਕ ਹਿੰਦੂ ਖਤਰੀ ਪਰਵਾਰ ਦੇ ਲੜਕੇ ਸੀ ਅਤੇ ਸਿਰ ਉੱਪਰ ਟੋਕਰੀ ਚੁੱਕੀ ਮਿੱਟੀ ਢੋ ਰਿਹੇ ਸੀ ਅਤੇ ਨੀਵੀਂ ਜਾਤੀ ਦੇ ਲੋਕਾਂ ਵਾਂਗੂੰ ਉਹਨਾਂ ਨਾਲ ਸਧਾਰਨ ਵਿਅੱਕਤੀ ਦੇ ਤੌਰ ਤੇ ਕੰਮ ਕਰ ਰਿਹੇ ਸੀ। ਉਹਨਾ ਨੇ ਗੁੱਸੇ ਨਾਲ ਗੁਰੂ ਜੀ ਨੂੰ ਪੁਛਿਆ ਕਿ ਉਹ ਆਪਣੇ ਜਵਾਈ ਤੋਂ ਮਜ਼ਦੂਰਾਂ ਵਾਂਗੂੰ ਕੰਮ ਕਿਉਂ ਕਰਵਾ ਰਹੇ ਸਨ।


ਇਸਤਰ੍ਹਾਂ ਸੁਣਕੇ, ਭਾਈ ਜੇਠਾ ਨੇ ਗੁਰੂ ਅਮਰਦਾਸ ਨੂੰ ਉਹਨਾ ਨਾਲ ਨਰਾਜ਼ ਨਾ ਹੋਣ ਦੀ ਬੇਨਤੀ ਕੀਤੀ ਕਿਉਂਕਿ ਉਹ ਬੇਸਮਝ ਲੋਕ ਨਹੀਂ ਜਾਣਦੇ ਸਨ ਕਿ ਉਹ ਕੀ ਕਹਿ ਰਹੇ ਸਨ। ਉਹ ਨਹੀਂ ਜਾਣਦੇ ਸਨ ਕਿ ਸਿੱਖਾਂ ਵਿਚ ਕਿਸੇ ਜਾਤ ਪਾਤ ਦੇ ਵਿਤਕਰੇ ਤੋਂ ਬਿਨਾ ਸੇਵਾ ਕਰਨਾ ਹੀ ਵਡਮੁੱਲਾ ਹੈ।

**********************

# ੨੭. ਸਿੱਖ ਵਿਸ਼ਵਾਸਾਂ ਦੀ ਵਿਆਖਿਆ ਕਰਨਾ

**੧੫੫੯** *(ਆਯੂ ੨੫ ਸਾਲ):* ਬਾਉਲੀ ਦੀ ਉਸਾਰੀ ਹੋ ਜਾਣ ਤੋਂ ਬਾਅਦ, ਗੋਇੰਦਵਾਲ ਵਿਚ ਆਉਣ ਵਾਲੇ ਸ਼ਰਦਾਲੂਆਂ ਦੀ ਗਿਣਤੀ ਵਧ ਗਈ। ਤੀਜੇ ਨਾਨਕ ਗੁਰੂ ਅਮਰਦਾਸ ਜੀ ਨੇ "ਪਹਿਲੇ ਸੰਗਤ, ਪਾਛੇ ਪੰਗਤ" ਬਾਰੇ ਪਹਿਲਾਂ ਹੀ ਹੁਕਮ ਕਰ ਰਖਿਆ ਸੀ। ਇਹਨਾਂ ਕਾਰਜਾਂ ਸਦਕਾ ਲੋਕਾਂ ਦੇ ਮਨਾ ਵਿਚ ਜਾਤ ਪਾਤ ਅਤੇ ਧਰਮ ਬਾਰੇ ਅਨੇਕਾਂ ਭਰਮ ਭੁਲੇਖਿਆ ਦਾ ਨਿਵਾਰਣ ਹੋਇਆ। ਜਿਹਨਾ ਲੋਕਾ ਨੇ ਵੀ ਸਿੱਖਾਂ ਨੂੰ ਆਪਸ ਵਿਚ ਗੋਇੰਦਵਾਲ ਵਿਚ ਸਦਭਾਵਨਾ ਸਹਿਤ ਰਹਿੰਦਿਆਂ ਦੇਖਿਆ, ਉਹਨਾ ਨੇ ਆਪਣੇ ਪਿੰਡਾਂ ਵਿਚ ਪਹੁੰਚ ਕੇ ਅਜਿਹਾ ਵਿਵਹਾਰ ਕਰਨਾ ਸ਼ੁਰੂ ਕਰ ਦਿਤਾ। ਲੋਕਾ ਨੇ ਜਾਤ ਪਾਤ ਦੇ ਵਿਤਕਰੇ ਦਾ ਝੂਠ ਸਮਝ ਲਿਆ ਕਿ ਇਹ ਬਿਲਕੁਲ ਗਲਤ ਸੀ। ਕੁਝ ਬ੍ਰਾਹਮਣ ਅਤੇ ਉਚ-ਜਾਤਾਂ ਦੇ ਲੋਕ ਇਸ ਤੱਥ ਨੂੰ ਸਹਿਨ ਨਾ ਕਰ ਸਕੇ ਕਿ "ਨੀਵੀਂ ਜਾਤੀ" ਦੇ ਲੋਕ ਆਪਣੇ ਆਪ ਨੂੰ "ਉਚ-ਜਾਤੀ" ਦੇ ਲੋਕਾਂ ਬਰਾਬਰ ਸਮਝਣ।

**੧੫੬੬** *(ਆਯੂ ੩੨ ਸਾਲ):* ਕੁਝ ਬ੍ਰਾਹਮਣ ਅਤੇ ਉਚ-ਜਾਤੀ ਦੇ ਲੋਕਾਂ ਨੇ ਤੀਜੇ ਨਾਨਕ, ਗੁਰੂ ਅਮਰਦਾਸ ਜੀ ਵਿਰੁੱਧ ਮੁਗ਼ਲ ਬਾਦਸਾਹ ਅਕਬਰ ਪਾਸ ਸ਼ਕਾਇਤ ਕੀਤੀ। ਬਾਦਸ਼ਾਹ ਅਕਬਰ ਨੇ ਗੁਰੂ ਅਮਰਦਾਸ ਜੀ ਨੂੰ ਸ਼ਕਾਇਤਾਂ ਵਿਰੁੱਧ ਸਪਸ਼ਟੀਕਰਨ ਦੇਣ ਲਈ ਗੋਇੰਦਵਾਲ ਤੋਂ ਲਾਹੌਰ ਆਉਣ ਲਈ ਕਿਹਾ। ਗੁਰੂ ਜੀ ਨੇ ਭਾਈ ਜੇਠਾ ਨੂੰ ਆਪਣਾ ਪ੍ਰਤਿਨਿਧ ਬਣਾਕੇ ਬਾਦਸ਼ਾਹ ਅਕਬਰ ਕੋਲ ਸ਼ਕਾਇਤਾਂ ਦੇ ਜੁਆਬ ਦੇਣ ਲਈ ਭੇਜਿਆ।



ਭਾਈ ਜੇਠਾ ਨੇ ਪੂਰੇ ਨਿਸ਼ਚੇ ਨਾਲ ਗੁਰੂ ਨਾਨਕ ਦੇਵ ਜੀ ਅਤੇ ਉਹਨਾਂ ਦੇ ਉਤਰਾਧਿਕਾਰੀ ਗੁਰੂਆਂ ਦੇ ਚਲਾਏ ਸਿੱਖ ਧਰਮ ਦੇ ਵੱਖ ਵੱਖ ਦ੍ਰਿਸਟੀਕੋਣਾਂ ਦੀ ਵਿਆਖਿਆ ਕੀਤੀ। ਭਾਈ ਜੇਠਾ ਨੇ ਦਸਿਆ ਕਿ ਸਿੱਖਾਂ ਧਾਰਣਾਵਾਂ ਵਲਖਣ ਹਨ ਅਤੇ ਹਿੰਦੂ ਧਰਮ ਤੋਂ ਵਖਰੀਆਂ ਹਨ। ਭਾਈ ਜੇਠਾ ਨੇ ਇਹਨਾਂ ਵਖਰੇਵਿਆ ਦਾ ਉਲੇਖਣ ਕੀਤਾ ਜਿਵੇਂ ਕਿ ਮੰਤਰ ਪੜ੍ਹਨਾ, ਬੁੱਤਾਂ ਦੀ ਪੂਜਾ ਕਰਨਾ, ਤੀਰਥ ਸਥਾਨਾਂ ਦੀ

ਯਾਤਰਾ ਕਰਨਾ ਅਤੇ ਜਾਤ ਪਾਤ ਵਿਚ ਵਿਸ਼ਵਾਸ ਕਰਨਾ ਅਤੇ ਜਾਤ ਪਾਤ ਅਨੁਸਾਰ ਵਿਵਹਾਰ ਕਰਨਾ।

ਭਾਈ ਜੇਠਾ ਨੇ ਵਿਆਖਿਆ ਕੀਤੀ ਕਿ ਹਿੰਦੂ ਵੇਦਾਂ ਅਨੁਸਾਰ ਇਕ ਦਿਹਾੜੀ ਵਿਚ ਤਿੰਨ ਵਾਰ "ਗਾਇਤ੍ਰੀ" ਦਾ ਪਾਠ ਕਰਦੇ ਹਨ। ਵੇਦ ਸ਼ੂਦਰਾਂ ਨੂੰ (ਨੀਵੀਂ ਜਾਤ ਦੇ ਹੋਣ ਕਰਕੇ) ਗਾਇਤ੍ਰੀ ਦਾ ਪਾਠ ਕਰਨ ਤੋਂ ਵਰਜਦੇ ਹਨ ਜਦ ਕਿ ਗੁਰੂ ਨਾਨਕ ਦੀਆਂ ਸਿਖਿਆਵਾਂ ਸਾਰੇ ਮਨੁੱਖਾਂ ਲਈ ਇਕਸਾਰ ਹਨ। ਸਿੱਖ ਪ੍ਰਮਾਤਮਾ ਨੂੰ ਹਰ ਵੇਲੇ ਯਾਦ ਕਰਦੇ ਹਨ ਅਤੇ ਹਰ ਵੇਲੇ ਸਦਾਚਾਰਕ ਕਰਮ ਕਰਦੇ ਹਨ। ਉਹ ਕਹਿਣ ਦੀ ਖਾਤਰ ਦਿਹਾੜੀ ਵਿਚ ਕੁਝ ਸਮੇਂ ਲਈ ਹਰ ਰੋਜ਼ ਕਿਸੇ ਵੀ ਪਾਕ-ਪਵਿੱਤਰ ਮੰਤਰਾਂ ਦਾ ਗਾਇਨ ਨਹੀਂ ਕਰਦੇ।

ਭਾਈ ਜੇਠਾ ਨੇ ਇਹ ਵੀ ਦਸਿਆ ਕਿ ਹਿੰਦੂ ਵਿਸ਼ਵਾਸ ਕਰਦੇ ਹਨ ਕਿ ਤੀਰਥਾਂ ਦੀ ਯਾਤਰਾ ਕਰਕੇ ਅਤੇ ਉਥੇ ਇਸ਼ਨਾਨ ਕਰਨ ਨਾਲ ਵਿਅੱਕਤੀ ਅਧਿਆਤਮਿਕ ਤੌਰ ਤੇ ਸਵੱਛ ਹੋ ਜਾਂਦਾ ਹੈ। ਜਦ ਕਿ ਸਿੱਖੀ ਅਸੂਲਾਂ ਅਨੁਸਾਰ ਇਹ ਮਨ ਗੁਰੂ ਜੀ ਦੇ ਸ਼ਬਦ ਸੁਣਨ ਨਾਲ ਅਤੇ ਸਦਾਚਾਰਕ ਕਰਮ ਕਰਨ ਨਾਲ ਹੀ ਬੁਰੇ ਖਿਆਲਾਂ ਤੋਂ ਸਵੱਛ ਹੁੰਦਾ ਹੈ।

ਭਾਈ ਜੇਠਾ ਨੇ ਦਸਿਆ ਕਿ ਹਿੰਦੂ ਧਰਮ ਵਿਚ "ਜਾਤ-ਪਾਤ ਅਧਾਰਤ" ਵਿਤਕਰਾ-ਭਰਪੂਰ ਕਮ ਕਰਨ ਤੇ ਜ਼ੋਰ ਹੈ। "ਉਚ-ਜਾਤੀ" ਦੇ ਕਹੇ ਜਾਣ ਵਾਲੇ ਵਿਅੱਕਤੀ "ਨੀਵੀਂ ਜਾਤੀ" ਦੇ ਕਹੇ ਜਾਣ ਵਾਲੇ ਲੋਕਾਂ ਦਾ ਵਿਰੋਧ ਕਰਦੇ ਹਨ। ਪਰ ਸਿੱਖ ਕਿਸੇ ਜਾਤ-ਪਾਤ ਵਿਚ ਵਿਸ਼ਵਾਸ ਨਹੀਂ ਕਰਦੇ। ਸਿੱਖ ਮੰਨਦੇ ਹਨ ਕਿ ਇਕ ਪ੍ਰਮਾਤਮਾ ਨੇ ਹੀ ਸਾਰੀ ਰਚਨਾ ਰਚੀ ਹੈ ਅਤੇ ਸਿੱਖ ਸਭ ਨਾਲ ਇਕੋ ਜਿਹਾ ਵਿਵਹਾਰ ਕਰਦੇ ਹਨ। ਨਾਲ ਹੀ, ਭਾਈ ਜੇਠਾ ਨੇ ਦਸਿਆ ਕਿ ਹਿੰਦੂ ਨਿਰਜੀਵ ਪੱਥਰਾਂ ਦੀ ਮੂਰਤੀ-ਪੂਜਾ ਕਰਦੇ ਹਨ। ਸਿੱਖਾਂ ਦਾ ਪ੍ਰਮਾਤਮਾ ਸਦਾਕਾਲ ਜ਼ਿੰਦਾ ਹੈ ਅਤੇ ਸਦਾਕਾਲ ਹੀ ਹਰ ਜਗਹ ਹਾਜ਼ਰ ਹੁੰਦਾ ਹੈ।

ਭਾਈ ਜੇਠਾ ਨੇ ਬੜੀ ਸੁੱਘੜਤਾ ਸਹਿਤ ਗੁਰੂ ਅਮਰਦਾਸ ਜੀ ਦੀ ਅਗਵਾਈ ਕੀਤੀ ਅਤੇ ਦਸਿਆ ਕਿ ਸਿੱਖਾਂ ਦੇ ਬਹੁਤ ਸਾਰੇ ਵਿਸ਼ਵਾਸ ਅਤੇ ਕਾਰਜ-ਕਰਮ ਹਿੰਦੂਆ ਦੇ ਵਿਸ਼ਵਾਸ ਅਤੇ ਕਾਰਜ-ਕਰਮਾਂ ਤੋਂ ਵੱਖਰੇ ਹਨ। ਭਾਈ ਜੇਠਾ ਨੇ ਆਪਣੇ ਜਵਾਬਾਂ ਨਾਲ ਬਾਦਸ਼ਾਹ ਅਕਬਰ ਦੀ ਪੂਰੀ ਤਰ੍ਹਾਂ ਤਸੱਲੀ ਕੀਤੀ ਅਤੇ ਪ੍ਰਭਾਵਤ ਕੀਤਾ। ਅਕਬਰ ਨੇ ਭਾਈ ਜੇਠਾ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ।

ਹਿੰਦੂ ਬ੍ਰਾਹਮਣਾਂ ਨੇ ਬਾਦਸ਼ਾਹ ਅਕਬਰ ਕੋਲ ਭਾਵੇਂ ਗੁਰੂ ਅਮਰਦਾਸ ਜੀ ਵਿਰੁੱਧ ਸ਼ਿਕਾਇਤ ਕੀਤੀ ਸੀ ਪਰ ਗੁਰੂ ਜੀ ਫਿਰ ਵੀ ਆਪਣੇ ਮਨ ਵਿਚ ਹਿੰਦੂਆਂ ਦੀ ਭਲਾਈ ਦਾ ਧਿਆਨ ਰਖਦੇ ਸਨ। ਗੁਰੂ ਅਮਰਦਾਸ ਜੀ ਦੇ ਕਹਿਣ ਅਨੁਸਾਰ, ਭਾਈ ਜੇਠਾ ਨੇ ਗੈਰ-ਮੁਸਲਮਾਨਾਂ ਤੇ ਲਾਇਆ ਜਜ਼ੀਆਂ ਅਤੇ ਤੀਰਥ ਯਾਤਰਾ ਟੈਕਸ ਮੁਆਫ਼ ਕਰਨ ਦਾ ਸੁਝਾਵ ਦਿਤਾ। ਅਕਬਰ ਬਾਦਸ਼ਾਹ ਤੀਜੇ ਨਾਨਕ ਦੀਆਂ ਸਿਖਿਆਂਵਾ ਪ੍ਰਤੀ ਬਹੁਤ ਪ੍ਰਭਾਵਿਤ ਹੋਇਆ ਅਤੇਂ ਭਾਈ ਜੇਠਾ ਦੇ ਕਹਿਣ ਤੇ ਦੋਨੋ ਟੈਕਸ ਬੰਦ ਕਰ ਦਿਤੇ।

******************

# ੨੯. ਅੰਮ੍ਰਿਤਸਰ ਸ਼ਹਿਰ ਦੀ ਸਥਾਪਨਾ ਕਰਨੀ

**੧੫੬੪** *(ਆਯੂ ੩੦ ਸਾਲ)*: ੧੫੫੨-੫੩ ਈਸਵੀ ਵਿਚ, ਤੀਜੇ ਨਾਨਕ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਨੂੰ (ਜੋ ਉਸ ਵੇਲੇ ੧੮-੧੯ ਸਾਲ ਦੇ ਸਨ) ਗੋਇੰਦਵਾਲ ਵਿਚ ਇਕ ਨਵੇਂ ਸਿੱਖ ਕੇਂਦਰ ਦੀ ਉਸਾਰੀ ਵਿਚ ਸ਼ਾਮਲ ਕੀਤਾ। ਨਤੀਜੇ ਵਜੋਂ, ਭਾਈ ਜੇਠਾ ਨੂੰ ਇਕ ਨਵੇਂ ਸ਼ਹਿਰ ਦੀ ਸਥਾਪਤੀ ਲਈ ਕਾਫ਼ੀ ਅਨੁਭਵ ਹੋ ਗਿਆ ਸੀ।

੧੫੬੪ ਈਸਵੀ ਵਿਚ, ਤੀਜੇ ਨਾਨਕ ਨੇ ਭਾਈ ਜੇਠਾ ਨੂੰ ਇਕ ਨਵੇਂ ਸਿੱਖ ਕੇਂਦਰ 'ਗੁਰੂ ਕਾ ਚੱਕ' (ਅੱਜ ਕਲ੍ਹ ਅੰਮ੍ਰਿਤਸਰ) ਦੀ ਯੋਜਨਾ ਅਤੇ ਸਥਾਪਤੀ ਲਈ ਨਿਯੁਕਤ ਕੀਤਾ। ਗੁਰੂ ਅਮਰਦਾਸ ਜੀ ਦੇ ਕਹੇ ਅਨੁਸਾਰ, ਭਾਈ ਜੇਠਾ ਨੇ ਸਬੰਧਤ ਪਿੰਡਾਂ ਦੇ ਪ੍ਰਮੁੱਖ ਵਿਅੱਕਤੀਆਂ ਨਾਲ ਸੰਪਰਕ ਕੀਤਾ, ਲੋੜੀਂਦੀ ਜ਼ਮੀਨ ਨੂੰ ੭੦੦ ਰੁਪੈ (ਅਕਬਰੀ ਕਰੰਸੀ) ਵਿਚ ਖਰੀਦਿਆ ਅਤੇ ਜ਼ਮੀਨ ਦੇ ਕਾਗ਼ਜ਼ ਪ੍ਰਾਪਤ ਕੀਤੇ।

ਗੁਰੂ ਨਾਨਕ ਜੀ ਨੇ ਪਹਿਲਾ ਸਿੱਖ ਕੇਂਦਰ ਕਰਤਾਰਪੁਰ ਰਾਵੀ ਦਰਿਆ ਦੇ ਕੰਢੇ ਤੇ ਵਸਾਇਆ ਸੀ। ਤੀਜੇ ਨਾਨਕ ਗੁਰੂ ਅਮਰਦਾਸ ਜੀ ਨੇ ਵੀ ਇਕ ਸਿੱਖ ਕੇਂਦਰ ਗੋਇੰਦਵਾਲ ਦਰਿਆ ਦੇ ਕਿਨਾਰੇ ਸਥਾਪਤ ਕੀਤਾ ਸੀ। ਸੋ, ਇਹਨਾਂ ਦੋਨਾਂ ਸਿੱਖ ਕੇਂਦਰਾਂ ਤੇ ਸੰਗਤਾਂ ਦੀਆਂ ਰੋਜ਼ਾਨਾ ਲੋੜਾਂ ਲਈ ਪਾਣੀ ਕਾਫ਼ੀ ਸੀ। ਅੰਮ੍ਰਿਤਸਰ ਵਿਚ ਨਵਾਂ ਨਿਯੋਜਿਤ ਕੀਤਾ ਗਿਆ ਸਿੱਖ ਕੇਂਦਰ ਕਿਸੇ ਪਾਣੀ ਸੋਮੇਂ ਦੇ ਨਜ਼ਦੀਕ ਨਹੀਂ ਸੀ। ਸੰਗਤ ਦੀ ਪਾਣੀ ਦੀਆ ਲੋੜਾਂ ਪੂਰੀਆਂ ਕਰਨ ਲਈ ਗੁਰੂ ਅਮਰਦਾਸ ਜੀ ਗੋਇੰਦਵਾਲ ਵਿਖੇ ਪਹਿਲਾ ਹੀ ਇਕ ਬਾਉਲੀ ਦੀ ਉਸਾਰੀ ਕਰਵਾ ਚੁੱਕੇ ਸਨ। ਭਾਈ ਜੇਠਾ, ਜੋ ਉਸ ਵੇਲੇ ਕੋਈ ੨੫ ਸਾਲਾਂ ਦੇ ਸਨ, ਨੇ ਬਾਉਲੀ ਦੀ ਖੁਦਾਈ ਅਤੇ ਖੋਦੀ ਹੋਈ ਮਿੱਟੀ ਨੂੰ ਆਪਣੇ ਸਿਰ ਉੱਪਰ ਚੁੱਕ ਕੇ ਢੋਆ ਢੁਆਈ ਲਈ ਸਰੀਰਕ ਸੇਵਾ ਕੀਤੀ।



ਕੁਦਰਤੀ ਸੀ ਕਿ ਭਾਈ ਜੇਠਾ ਨਵੇਂ ਸਿੱਖ ਕੇਂਦਰ ਲਈ ਪਹਿਲਾਂ ਪਾਣੀ ਦੇ ਭਰੋਸੇਯੋਗ ਸੋਮੇ ਦੀ ਯੋਜਨਾ ਤਿਆਰ ਕਰਨ। ਆਪ ਨੇ ਇਸ ਨਵੇਂ ਸਿੱਖ ਕੇਂਦਰ ਦਾ ਨੀਹ ਪੱਥਰ ਰਖਣ ਵੇਲੇ ਮੌਜੂਦਾ ਸੰਤੋਖਸਰ ਸਰੋਵਰ ਵਾਲੇ ਸਥਾਨ ਤੇ ਪਹਿਲਾਂ ਇਕ ਸਰੋਵਰ ਦੀ ਖੁਦਾਈ ਕਰਵਾਈ। ਪਰ ਖੁਦਾਈ ਦੇ ਸੰਪੂਰਨ ਹੋਣ ਤੋਂ ਪਹਿਲਾਂ ਗੁਰੂ ਅਮਰਦਾਸ ਜੀ ਨੇ (ਉਮਰ ੮੫ ਸਾਲ ਵੇਲੇ) ਭਾਈ ਜੇਠਾ ਜੀ ਨੂੰ ਵਾਪਸ ਗੋਇੰਦਵਾਲ ਬੁਲਾ ਲਿਆ ਤਾਕਿ ਉਥੋਂ ਦੇ ਸਿੱਖ ਕੇਂਦਰ ਦਾ ਪ੍ਰਬੰਧ ਦੇਖਿਆ ਜਾ ਸਕੇ। ਭਾਈ ਜੇਠਾ ੧੦ ਸਾਲਾਂ ਬਾਅਦ ਮੁੜ ਅੰਮ੍ਰਿਤਸਰ ਵਾਪਸ ਆਏ ਅਤੇ ਸਰੋਵਰ ਦੀ ਉਸਾਰੀ ਦਾ ਕੰਮ ਮੁੜ ਆਰੰਭ ਕੀਤਾ।

*******************

# ੨੯. ਚੌਥੇ ਨਾਨਕ ਵਜੋਂ ਭਾਈ ਜੇਠਾ ਦੀ ਚੋਣ

**੧੫੭੪** *(ਆਯੂ ੪੦ ਸਾਲ):* ਭਾਈ ਜੇਠਾ ਸੱਤ ਸਾਲ ਦੇ ਸਨ ਅਤੇ ਯਤੀਮ ਹੋ ਗਏ। ਉਹ ਜੀਵਨ-ਨਿਰਬਾਹ ਵਾਸਤੇ ਉਬਲੇ ਹੋਏ ਛੋਲਿਆ ਦੀਆਂ ਘੁੰਗਣੀਆ ਵੇਚ ਕੇ ਗੁਜ਼ਾਰਾ ਕਰਦੇ ਸਨ। ਫਿਰ ਵੀ, ਉਹ ਖੁਸ਼ਕਿਸਮਤ ਸਨ ਕਿ ਉਹਨਾਂ ਨੇ ਆਪਣੇ ਜੀਵਨ ਦੇ ੨੮ ਸਾਲ (੧੨ ਸਾਲ ਦੀ ਆਯੂ ਤੋਂ ਲੈ ਕੇ) ਗੁਰੂ ਅਮਰਦਾਸ ਜੀ ਦੀ ਸੰਗਤ ਵਿਚ ਗੁਜ਼ਾਰੇ। ਭਾਈ ਜੇਠਾ ਇਸਤਰ੍ਹਾ ਵੀ ਖ਼ੁਸ਼ਕਿਸਮਤ ਸਨ ਕਿ ਆਪ ਗੁਰੂ ਅਮਰਦਾਸ ਜੀ ਦੇ ਨਾਲ ਦੂਜੇ ਨਾਨਕ ਪਾਸ ਵੀ ਆਏ। ੧੫੭੪ ਈਸਵੀ ਤੱਕ ਹਰ ਕਿਸੇ ਨੂੰ, ਤੀਜੇ ਨਾਨਕ ਸਮੇਤ, ਇਹ ਸਪਸ਼ਟ ਹੋ ਗਿਆ ਸੀ ਕਿ ਭਾਈ ਜੇਠਾ ਸਿੱਖੀ ਦੇ ਨਿਯਮਾ ਵਿਚ ਪੂਰੀ ਤਰ੍ਹਾਂ ਪਰਪੱਕ ਹੋ ਗਏ ਸਨ। ਆਪ ਪ੍ਰੇਮ-ਭਰਪੂਰ ਸੁਹਿਰਦ ਸੁਭਾਓ ਵਾਲੇ ਸਨ ਅਤੇ ਸੰਗਤਾਂ ਦੀ ਸੇਵਾ ਲਈ ਹਰ ਵੇਲੇ ਤਤਪਰ ਰਹਿੰਦੇ ਸਨ।

ਆਪਣੀ ਆਯੂ ਦਾ ਅੰਤ ਨੇੜੇ ਆਉਂਦਾ ਦੇਖ ਕੇ ਅਤੇ ਇਹ ਨਿਰਣਾ ਹੋ ਜਾਣ ਤੇ ਕਿ ਸਿੱਖ ਬਰਾਦਰੀ ਦੀਆ ਜ਼ਿੰਮੇਵਾਰੀਆ ਸੰਭਾਲਣ ਲਈ ਭਾਈ ਜੇਠਾ ਹਰ ਤਰ੍ਹਾਂ ਪਰਪੱਕ ਹਨ, ਤੀਜੇ ਨਾਨਕ ਗੁਰੂ ਅਮਰਦਾਸ ਜੀ ਨੇ ੯੫ ਸਾਲ ਦੀ ਆਯੂ ਵੇਲੇ ਭਾਈ ਜੇਠਾ ਨੂੰ ਚੌਥੇ ਨਾਨਕ ਵਜੋਂ ਚੋਣ ਕੀਤੀ। ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਨੂੰ ਸੰਗਤ ਵਿਚ ਉੱਚੇ ਸਿੰਘਾਸਨ ਤੇ ਬਿਠਾਇਆ ਅਤੇ ਚੌਥੇ ਨਾਨਕ ਦੇ ਅੱਗੇ ਆਪਣਾ ਸਿਰ ਨਿਵਾਇਆ।



ਗੁਰੂ ਅਮਰਦਾਸ ਜੀ ਦੇ ਸੰਪਰਕ ਵਿਚ ਆਉਣ ਤੋਂ ਪਹਿਲਾਂ ਭਾਈ ਜੇਠਾ ਦੇ ਬਚਪਨ ਦਾ ਸਮਾਂ ਅਭਾਗਾ ਸੀ। ਪਰ ਵਾਹਿਗੁਰੂ ਜੀ ਨੇ ਆਪ ਜੀ ਉੱਪਰ ਅਥਾਹ ਰਹਿਮਤ ਬਖ਼ਸ਼ੀ, ਭਾਵੇਂ ਕਿ ਆਪ ਜੀ ਗਰੀਬ ਹੀ ਪੈਦਾ ਹੋਏ ਸਨ। ਗੁਰੂ ਗਰੰਥ ਸਾਹਿਬ ਜੀ ਦੇ ਪੰਨਾ ੧੬੭ ਉੱਪਰ ਅੰਕਿਤ ਸ਼ਬਦ ਇਸ ਵੇਲੇ ਦੀਆਂ ਭਾਵਨਾਵਾ ਲਈ ਬਹੁਤ ਢੁਕਵਿਆਂ ਹਨ:

> ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਨਹੁ ਆਪੇ ॥
> ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥

ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ॥ ॥੪॥੫॥੧੧॥੪੯॥

**ਅਲੰਕਾਰਕ ਅਰਥ:** ਹੇ ਮੇਰੇ ਸਤਿਗੁਰੂ! ਹੇ ਮੇਰੇ ਹਰੀ! ਜੇਹੜੀ ਮੇਰੀ ਹਾਲਤ ਹੁੰਦੀ ਸੀ ਉਹ ਹਾਲਤ ਤੂੰ ਆਪ ਹੀ ਜਾਣਦਾ ਹੈਂ। ਮੈਂ ਰੁਲਦਾ ਫਿਰਦਾ ਸਾਂ ਕੋਈ ਮੇਰੀ ਵਾਤ ਨਹੀਂ ਸੀ ਪੁੱਛਦਾ ਤੂੰ ਮੈਨੂੰ ਕੀੜੇ ਨੂੰ ਗੁਰੂ ਸਤਿਗੁਰੂ ਦੇ ਚਰਨਾਂ ਵਿਚ ਲਿਆ ਕੇ ਵਡਿਆਈ ਬਖ਼ਸ਼ੀ। ਹੇ ਭਾਈ! ਦਾਸ ਨਾਨਕ ਦਾ ਗੁਰੂ ਧੰਨ ਹੈ ਧੰਨ ਹੈ ਜਿਸ ਗੁਰੂ ਨੂੰ ਮਿਲ ਕੇ ਮੇਰੇ ਸਾਰੇ ਸੋਗ ਮੁੱਕ ਗਏ ਮੇਰੇ ਸਾਰੇ ਕਲੇਸ਼ ਦੂਰ ਹੋ ਗਏ।


******************

# ੩੦. ਅੰਮ੍ਰਿਤਸਰ ਦਾ ਵਿਕਾਸ

**੧੫੭੪** (*ਆਯੂ ੪੦ ਸਾਲ*): ਰਾਮਦਾਸ ਜੀ ਨੂੰ ਚੌਥੇ ਨਾਨਕ ਨਿਯੁਕਤ ਕਰਨ ਤੇ ਗੁਰੂ ਅਮਰਦਾਸ ਜੀ ਨੇ ਕਿਹਾ ਕਿ ਉਹ ਆਪਣੇ ਪਰਿਵਾਰ ਸਮੇਤ ਨਵੇਂ ਸਥਾਪਤ ਕੀਤੇ ਜਾ ਰਹੇ ਨਗਰ ਵਿਚ ਚਲੇ ਜਾਣ। ਚੌਥੈ ਨਾਨਕ ਨੇ ਅੰਮ੍ਰਿਤਸਰ ਵਿਖੇ ਸਿੱਖ ਕੇਂਦਰ ਸਥਾਪਤ ਕਰਨ ਦਾ ਕੰਮ ਮੁੜ ਆਣ ਆਰੰਭਿਆ।

ਸੰਤੋਖਸਰ ਦੀ ਖੁਦਾਈ ਦਾ ਕੰਮ ਮੁੜ ਆਰੰਭਣ ਦੀ ਬਜਾਏ, ਆਪ ਜੀ ਨੇ ਇਕ ਹੋਰ ਵੱਡਾ ਅੰਮ੍ਰਿਤਸਰ ਸਰੋਵਰ ਖੁਦਵਾਉਣ ਦਾ ਕੰਮ ਆਰੰਭਿਆ। ਇਸ ਨਵੇਂ ਸਰੋਵਰ ਦੀ ਖੁਦਵਾਈ ਕਰਵਾਉਣ ਵਿਚ ਹਜ਼ਾਰਾ ਸੇਵਕਾਂ ਦੇ ਹੋਣ ਕਰਕੇ ਗੁਰੂ ਰਾਮਦਾਸ ਜੀ ਉਹਨਾਂ ਦੇ ਭੋਜਨ ਅਤੇ ਰਹਾਇਸ਼ ਦਾ ਪ੍ਰਬੰਧ ਕਰਨ ਵਿਚ ਬਹੁਤ ਰੁੱਝੇ ਰਹਿੰਦੇ ਸਨ। ਇਸ ਕਾਰਜ ਦਾ ਪ੍ਰਬੰਧ ਕਰਦਿਆਂ ਗੁਰੂ ਜੀ ਸੰਗਤਾਂ ਪ੍ਰਤੀ ਅਧਿਆਤਮਿਕ ਕਥਾਵਾਂ ਦਾ ਪ੍ਰਬੰਧ ਵੀ ਕਰਦੇ। ਗੁਰੂ ਜੀ ਨੂੰ ਜਦੋਂ ਵੀ ਮੌਕਾ ਮਿਲਦਾ, ਉਹ ਸੇਵਕਾਂ ਨਾਲ ਰਲ ਜਾਂਦੇ ਅਤੇ ਖੁਦਾਈ ਕੀਤੀ ਮਿੱਟੀ ਜਾਂ ਚੂਨੇ ਦੀਆਂ ਭਰੀਆ ਟੋਕਰੀਆਂ (ਉਸ ਵੇਲੇ ਸੀਮੰਟ ਦੀ ਬਜਾਏ ਚੂਨਾ ਹੀ ਇਸਤੇਮਾਲ ਹੁੰਦਾ ਸੀ) ਵੀ ਆਪਣੇ ਸਿਰ ਉੱਪਰ ਢੋਂਦੇ।

ਸਮੇਂ ਦੇ ਨਾਲ ਸੰਤੋਖਸਰ ਸਰੋਵਰ ਵੀ ਸੰਪੂਰਨ ਹੋ ਗਿਆ। ਛੇਤੀ ਹੀ, ਨਵਾਂ ਸ਼ਹਿਰ ਖੁਸ਼ਹਾਲ ਹੋ ਗਿਆ ਕਿਉਂਕਿ ਇਹ ਘਰੋਗੀ ਅਤੇ ਅੰਤਰ-ਦੇਸ਼ੀ ਵਿਓਪਾਰਕ ਰਾਹਾਂ ਦਾ ਕੇਂਦਰ ਬਣ ਗਿਆ ਸੀ। ਪੰਜਾਬ ਵਿਚ ਇਹ ਲਾਹੌਰ ਦੇ ਬਰਾਬਰ ਦਾ ਵਿਸ਼ੇਸ ਵਿਓਪਾਰ-ਕੇਂਦਰ ਬਣ ਗਿਆ। ਗੁਰੂ ਰਾਮਦਾਸ ਜੀ ਨੇ ਵੱਖ ਵੱਖ ਕਿਤਿਆਂ ਦੇ ਬਹੁਤ ਸਾਰੇ ਵਿਓਪਾਰੀਆਂ ਅਤੇ ਕਾਰੀਗਰਾਂ ਨੂੰ ਸੱਦਾ ਭੇਜ ਕੇ ਬੁਲਾਇਆ ਅਤੇ ਅੰਮ੍ਰਿਤਸਰ ਵਿਚ ਆ ਕੇ ਵਸ ਜਾਣ ਲਈ ਕਿਹਾ।



ਇਹ ਉੱਦਮ ਇਕ ਦੂਰ-ਦਰਸ਼ੀ ਮਹੱਤਤਾ ਵਾਲਾ ਕਦਮ ਸਾਬਤ ਹੋਇਆ। ਇਸ ਨਾਲ ਸਿੱਖਾਂ ਨੂੰ ਪੂਜਾ ਪਾਠ ਦਾ ਵੀ ਸਾਂਝਾ ਕੇਂਦਰ ਮਿਲਿਆ ਅਤੇ ਆਉਂਦੇ ਸਮੇਂ ਵਿਚ ਸਿੱਖੀ ਨੂੰ ਇਕ ਵਿਸ਼ੇਸ ਧਰਮ ਦੇ ਤੌਰ ਤੇ ਸਥਾਪਤ ਕਰਨ ਦਾ ਸਾਧਨ ਬਣਿਆ। ਗੁਰੂ ਰਾਮਦਾਸ ਜੀ ਨੇ ਤੀਜੇ ਨਾਨਕ ਵਲੋਂ ਅਪਣਾਏ ਮੰਜੀ ਪ੍ਰਣਾਲੀ ਨੂੰ ਬੇਹਤਰ ਬਣਾ ਕੇ ਮਸੰਦ ਪ੍ਰਣਾਲੀ ਦੀ ਸਥਾਪਨਾ ਕੀਤੀ। ਇਸ ਕਾਰਜ ਨਾਲ ਸਿੱਖ ਬਰਾਦਰੀ ਨੂੰ ਹੋਰ ਵਧੇਰੇ ਇਕਸੁਰ ਹੋ ਸਕਣ ਦਾ ਮਹੱਤਵਪੂਰਣ ਰਸਤਾ ਮਿਲਿਆ।

ਦੋਨਾਂ ਸਰੋਵਰਾਂ ਤੇ ਕੰਮ ਕਰ ਰਹੇ ਸਿੱਖ ਅਤੇ ਹੋਰ ਕਾਮਿਆਂ ਨੇ, ਇਸ ਕਾਰਜ ਨੂੰ ਲੰਬੇ ਸਮੇਂ ਦਾ ਕਾਰਜ ਸਮਝਦਿਆਂ, ਆਪਣੇ ਲਈ ਘਰ ਬਨਾਉਣੇ ਸ਼ੁਰੂ ਕਰ ਦਿਤੇ। ਸਾਰੇ ਕਿਤਿਆਂ ਦੇ ਵਿਓਪਾਰੀਆਂ ਨੇ ਇਸ

ਜਗਹ ਤੇ ਵੱਸਣਾ ਸ਼ੁਰੁ ਕੀਤਾ। ਸਿੱਖਾਂ ਅਤੇ ਹੋਰ ਕਾਮਿਆਂ ਲਈ ਗੁਰੂ ਰਾਮਦਾਸ ਜੀ ਲੰਗਰ ਦੀ ਸੇਵਾ ਕਰਦੇ ਤਾਕਿ ਉਹ ਮਨ-ਚਾਹਿਆ ਭੋਜਨ ਛਕ ਸਕਣ।


**੧੫੭੭** *(ਆਯੂ ੪੩ ਸਾਲ)*: ੧੫੬੪ ਈਸਵੀ ਵਿਚ ਖਰੀਦੀ ਇਹ ਜ਼ਮੀਨ ਲੋਕਾਂ ਦੀਆਂ ਵੱਧ ਰਹੀਆ ਲੋੜਾਂ ਪੂਰੀਆ ਕਰਦੀ ਨਹੀਂ ਦਿਸ ਰਹੀ ਸੀ। ਗੁਰੂ ਰਾਮਦਾਸ ਜੀ ਨੇ ਸ਼ਹਿਰ ਦੇ ਵਾਧੇ ਲਈ ਤੁੰਗ ਪਿੰਡ ਦੇ ਵਾਸੀਆ ਤੋਂ ੩੦੦ ਏਕੜ ਹੋਰ ਜ਼ਮੀਨ ਖਰੀਦ ਲਈ। ਅੰਮ੍ਰਿਤਸਰ ਸਰੋਵਰ ਦੀ ਉਸਾਰੀ ਤੋਂ ਬਾਅਦ, ਇਹ ਸ਼ਹਿਰ ਅੰਮ੍ਰਿਤਸਰ ਨਾਮ ਨਾਲ ਮਸ਼ਹੂਰ ਹੋ ਗਿਆ। ਅੰਮ੍ਰਿਤਸਰ ਸ਼ਹਿਰ ਜਦੋਂ ਸਥਾਪਤ ਕੀਤਾ ਜਾ ਰਿਹਾ ਸੀ ਤਾਂ ਆਪ ਜੀ ਦੇ ਛੋਟੇ ਬੇਟੇ ਅਰਜਨ (ਬਾਅਦ ਵਿਚ ਗੁਰੂ) ਨੇ ਇਸ ਕਾਰਜ ਵਿਚ ਵਿਸ਼ੇਸ਼ ਦਿਲਚਸਪੀ ਲਈ। ਉਹ ਉਸ ਵੇਲੇ ੧੫ ਸਾਲ ਦੀ ਉਮਰ ਦੇ ਸਨ। ਅਰਜਨ ਜੀ ਨੇ ਇਸ ਉਸਾਰੀ ਵਿਚ ਸਰਗਰਮੀ ਨਾਲ ਹਿੱਸਾ ਲਿਆ ਅਤੇ ਮਿੱਟੀ ਦੀਆ ਭਰੀਆ ਟੋਕਰੀਆ ਚੁੱਕਣ ਵਿਚ ਸਰੀਰਕ ਯੋਗਦਾਨ ਵੀ ਪਾਇਆ। ਇਸਤਰ੍ਹਾਂ, ਬਾਅਦ ਵਿਚ ਗੁਰੂ ਅਰਜਨ ਜੀ ਨੇ ਇਸ ਤਜਰਬੇ ਅਤੇ ਗਿਆਨ ਦੁਆਰਾ ਪੰਜਾਬ ਦੇ ਵੱਖ ਵੱਖ ਹਿਸਿਆਂ ਵਿਚ ਨਵੇਂ ਨਗਰ ਸਥਾਪਤ ਕੀਤੇ -ਜਿਵੇਂ ਛੇਹਰਟਾ, ਕਰਤਾਰਪੁਰ ਅਤੇ ਗੋਬਿੰਦਪੁਰ (ਅੱਜ ਕਲ੍ਹ ਹਰਿਗੋਬਿੰਦਪੁਰ ਵਜੋਂ ਜਾਣੇ ਜਾਂਦੇ ਹਨ)।

***********************

# ੩੧. ਪ੍ਰਮਾਤਮਾ ਦੇ ਪਿਆਰ ਤੇ ਵਿਸ਼ੇਸ਼ ਜ਼ੋਰ

**੧੫੭੭** *(ਆਯੂ ੪੩ ਸਾਲ)*: ਗੁਰੂ ਰਾਮਦਾਸ ਜੀ ਜਦ ਅੰਮ੍ਰਿਤਸਰ ਵਿਚ ਸਰੋਵਰ ਦੀ ਖੁਦਵਾਈ ਕਰਵਾ ਰਹੇ ਸਨ, ਤਾਂ ਹਿੰਦੂ ਬੈਰਾਗੀਆਂ ਦਾ ਇਕ ਸਮੂਹ ਆਪ ਜੀ ਨੂੰ ਮਿਲਣ ਆਇਆ। ਗੁਰੂ ਜੀ ਨੇ ਉਹਨਾਂ ਦਾ ਆਦਰ ਮਾਣ ਕੀਤਾ ਅਤੇ ਉਹਨਾਂ ਦੇ ਆਉਣ ਦਾ ਮਨੋਰਥ ਪੁਛਿਆ। ਉਹਨਾਂ ਦੇ ਸਮੂਹ ਦੇ ਆਗੂ ਨੇ ਸਤਿਕਾਰ ਸਹਿਤ ਗੁਰੂ ਜੀ ਨੂੰ ਪੁਛਿਆ ਕਿ ਕਿਉਂਕਿ ਸਿੱਖ ਵੈਦਿਕ 'ਅਸ਼ਟ ਯੋਗ' ਨਹੀਂ ਸਿਖਦੇ, ਤਾਂ ਉਹ ਆਪਣੇ ਮਨ ਨੂੰ ਕਿਵੇਂ ਕਾਬੂ ਕਰਦੇ ਹਨ? ਉਸਨੇ ਕਿਹਾ ਕਿ ਸਵੈ-ਸੰਵੇਦਨਾ ਤਾਂ ਹੀ ਜਾਣੀ ਜਾ ਸਕਦੀ ਹੈ ਜੇਕਰ ਮਨ ਕਾਬੂ ਵਿਚ ਹੋਵੇ। ਸਵੈ-ਸੰਵੇਦਨਾ ਹੋਣ ਨਾਲ ਹੀ ਮਨ ਪ੍ਰਮਾਤਮਾ ਉੱਪਰ ਧਿਆਨ ਲਗਾ ਸਕਦਾ ਹੈ। ਸੋ, ਯੋਗਾ ਦੇ ਅਭਿਆਸ ਤੋਂ ਬਿਨਾਂ ਸਿੱਖ ਮੁਕਤੀ ਕਿਵੇਂ ਪ੍ਰਾਪਤ ਕਰ ਸਕਦੇ ਹਨ?

ਗੁਰੂ ਜੀ ਨੇ ਉੱਤਰ ਦਿਤਾ ਕਿ ਮੁਕਤੀ ਦੀ ਪ੍ਰਾਪਤੀ ਲਈ ਵਿਅੱਕਤੀ ਨੂੰ ਦਇਆ ਭਾਵਨਾ ਦੀ ਲੋੜ ਹੈ। ਸਿੱਖਾਂ ਨੇ ਪ੍ਰਮਾਤਮਾ ਨਾਲ ਪਿਆਰ ਕਰਨਾ ਅਤੇ ਪ੍ਰਮਾਤਮਾ ਨੂੰ ਹਰ ਥਾਂ ਹਾਜ਼ਰ ਨਾਜ਼ਰ ਮੰਨਣਾ ਸਮਝ ਲਿਆ ਹੈ। ਗੁਰੂ ਜੀ ਨੇ ਕਿਹਾ ਕਿ ਸਿੱਖ ਹਰ ਵੇਲੇ ਪ੍ਰਮਾਤਮਾ ਦੇ ਪਿਆਰ ਵਿਚ ਜੁੜੇ ਰਹਿੰਦੇ ਹਨ। ਪ੍ਰਮਾਤਮਾ, ਜੋ ਸਭ ਕੁਝ ਬਖ਼ਸ਼ਣਹਾਰਾ ਹੈ, ਉਸਨੂੰ ਪਿਆਰ ਕਰਨ ਨਾਲ ਹੀ ਰੱਬੀ ਗੁਣ ਅਤੇ ਰੱਬੀ ਗੁਣਾਂ ਦੇ ਅਭਿਆਸ ਕਰਨ ਦਾ ਗਿਆਨ ਪ੍ਰਾਪਤ ਹੁੰਦਾ ਹੈ। ਜਿਹੜੇ ਪ੍ਰਮਾਤਮਾ ਨਾਲ ਪਿਆਰ ਕਰਦੇ ਹਨ, ਉਹਨਾਂ ਦਾ ਦੁਨਿਆਵੀ ਵਸਤੂਆਂ ਨਾਲ ਲਗਾਵ ਦੂਰ ਹੋ ਜਾਂਦਾ ਹੈ। ਸਿੱਖ ਦੁਨਿਆਵੀ ਕੰਮ ਕਰਦਿਆਂ ਹੋਇਆਂ ਵੀ ਨਿਰਲੇਪ ਰਹਿੰਦੇ ਹਨ। ਮੁਕਤੀ ਦੀ ਪ੍ਰਾਪਤੀ ਲਈ, ਉਹਨਾਂ ਨੂੰ ਕਿਸੇ ਯੋਗਾ ਕਰਨ ਦੀ ਲੋੜ ਨਹੀਂ ਪੈਂਦੀ।




ਗੁਰੂ ਨਾਨਕ ਅਤੇ ਉਹਨਾਂ ਦੇ ਪੂਰਵਜ ਗੁਰੂਆਂ ਦੀ ਸਿਖਿਆ ਹੈ ਕਿ ਪ੍ਰਮਾਤਮਾ ਇਕ ਹੈ ਜੋ ਹਰ ਥਾਂ ਹਾਜ਼ਰ ਨਾਜ਼ਰ ਹੈ। ਰੱਬੀ ਗੁਣਾਂ ਨੂੰ ਹਰ ਦਮ ਯਾਦ ਰਖਣ ਨਾਲ ਅਤੇ ਸਦਾਚਾਰਕ ਕੰਮ ਕਰਨ ਨਾਲ ਹੀ ਪ੍ਰਮਾਤਮਾ ਦੀ

ਪ੍ਰਾਪਤੀ ਹੋ ਸਕਦੀ ਹੈ। ਗੁਰੂਆਂ ਦੀਆਂ ਸਿਖਿਆਵਾਂ ਦਾ ਪ੍ਰਮਾਣ ਗੁਰੂ ਗਰੰਥ ਸਾਹਿਬ ਦੇ ਪੰਨਾ ੩੬੮ ਤੇ ਚੌਥੇ ਨਾਨਕ ਦੇ ਹੇਠ ਦਿਤੇ ਸ਼ਬਦ ਤੋਂ ਮਿਲਦਾ ਹੈ:

ਹਥਿ ਕਰਿ ਤੰਤੁ ਵਜਾਵੈ ਜੋਗੀ ਥੋਥਰ ਵਾਜੈ ਬੇਨ॥
ਗੁਰਮਤਿ ਹਰਿ ਗੁਣ ਬੋਲਹੁ ਜੋਗੀ ਇਹੁ ਮਨੂਆ ਹਰਿ ਰੰਗਿ ਭੇਨ॥੧॥
ਜੋਗੀ ਹਰਿ ਦੇਹੁ ਮਤੀ ਉਪਦੇਸੁ॥
ਜੁਗੁ ਜੁਗੁ ਹਰਿ ਹਰਿ ਏਕੋ ਵਰਤੈ ਤਿਸੁ ਆਗੈ ਹਮ ਆਦੇਸੁ॥੧॥ਰਹਾਉ॥


**ਅਲੰਕਾਰਕ ਅਰਥ:** ਜੋਗੀ ਕਿੰਗੁਰੀ ਹੱਥ ਵਿਚ ਫੜ ਕੇ ਤਾਰ ਵਜਾਂਦਾ ਹੈ, ਪਰ ਉਸ ਦੀ ਕਿੰਗੁਰੀ ਬੇਅਸਰ ਹੀ ਵੱਜਦੀ ਹੈ ਕਿਉਂਕਿ ਮਨ ਹਰਿ-ਨਾਮ ਤੋਂ ਸੁੰਞਾ ਟਿਕਿਆ ਰਹਿੰਦਾ ਹੈ। ਹੇ ਜੋਗੀ! ਗੁਰੂ ਦੀ ਸਿੱਖਿਆ ਲੈ ਕੇ ਪਰਮਾਤਮਾ ਦੇ ਗੁਣਾਂ ਦਾ ਉਚਾਰਨ ਕਰਦਾ ਰਿਹਾ ਕਰ ਇਸ ਤਰ੍ਹਾਂ ਇਹ ਅਮੋੜ ਮਨ ਪਰਮਾਤਮਾ ਦੇ ਪ੍ਰੇਮ-ਰੰਗ ਵਿਚ ਭਿੱਜਿਆ ਰਹਿੰਦਾ ਹੈ।੧।

ਹੇ ਜੋਗੀ! ਤੁਸੀ ਆਪਣੇ ਮਨ ਨੂੰ ਹਰਿ-ਨਾਮ ਸਿਮਰਨ ਦੀ ਸਿੱਖਿਆ ਦਿਆ ਕਰ। ਪਰਮਾਤਮਾ ਹਰੇਕ ਜੁਗ ਵਿਚ ਆਪ ਹੀ ਸਭ ਕੁਝ ਕਰਦਾ ਹੈ। ਮੈਂ ਤਾਂ ਉਸ ਪਰਮਾਤਮਾ ਅੱਗੇ ਹੀ ਸਦਾ ਸਿਰ ਨਿਵਾਂਦਾ ਹਾਂ।੧। ਰਹਾਉ।

*******************

# ੩੨. ਮਸੰਦ ਪ੍ਰਣਾਲੀ

ਤੀਜੇ ਨਾਨਕ ਗੁਰੂ ਅਮਰਦਾਸ ਜੀ ਨੇ ੨੨ ਮੰਜੀਆਂ ਅਤੇ ੫੨ ਪੀੜ੍ਹੀਆਂ ਦੀ ਸਥਾਪਨਾ ਕੀਤੀ ਸੀ ਤਾਂਕਿ ਸਿੱਖਾਂ ਦੇ ਵਿਸ਼ਾਲ ਖੇਤਰ ਨੂੰ ਪ੍ਰਬੰਧ ਅਧੀਨ ਲਿਆਂਦਾ ਜਾ ਸਕੇ। ਚੌਥੇ ਨਾਨਕ, ਗੁਰੂ ਰਾਮਦਾਸ ਜੀ ਨੇ ਇਕ ਸਥਾਈ ਆਗੂ 'ਮਸੰਦ', ਜੋ ਕਿਸੇ ਵਿਸ਼ੇਸ਼ ਭੂਗੋਲਿਕ ਖੇਤਰ ਵਿਚ ਪ੍ਰਬੰਧਕੀ ਉਪਾਧੀ ਦੇ ਕੇ ਨਿਯੁਕਤ ਕੀਤਾ ਅਤੇ ਮੰਜੀ ਪ੍ਰਣਾਲੀ ਨੂੰ ਸੁਧਾਰਿਆ। ਇਹ ਮਸੰਦ ਸੰਗਤੀ ਮੈਂਬਰਾਂ ਨੂੰ ਜੋੜਨ ਵਿਚ ਇਕ ਕੜੀ ਦਾ ਰੂਪ ਸਨ ਜੋ ਦੂਰ ਦੁਰਾਡੇ ਰਹਿੰਦੇ ਹੋਣ ਕਰਕੇ ਗੁਰੂ ਜੀ ਨੂੰ ਅਕਸਰ ਮਿਲਣ ਨਹੀਂ ਆ ਸਕਦੇ ਸਨ। ਉਹ ਮਿਸ਼ਨਰੀ ਕਾਰਜਾਂ ਲਈ ਸ਼ਰਧਾਲੂਆਂ ਪਾਸੋਂ ਦਸਵੰਧ ਇਕੱਠਾ ਕਰਕੇ ਗੁਰੂ ਜੀ ਨੂੰ ਪਹੁੰਚਾਉਣ ਦੇ ਜ਼ਿੰਮੇਵਾਰ ਸਨ ਤਾਂਕਿ ਬਰਾਦਰੀ ਦੇ ਕੰਮਾਂ ਵਿਚ ਸਹਾਇਤਾ ਕੀਤੀ ਜਾ ਸਕੇ। ਮਸੰਦ ਨੇ ਆਪਣੀ ਜ਼ਿੰਮੇਵਾਰੀ ਨੂੰ ਆਪਣੇ ਪਰਵਾਰ ਵਿਚ ਹੀ ਅਗਲੀ ਪੀੜ੍ਹੀ ਵਿਚ ਜਿੰਮੇਵਾਰ ਵਿਅਕਤੀ ਨੂੰ ਨਿਯੁਕਤ ਕਰਨਾ ਹੁੰਦਾ ਸੀ।



ਸਿਰਫ਼ ਉਹਨਾਂ ਵਿਅੱਕਤੀਆ ਨੂੰ ਹੀ 'ਮਸੰਦ' ਦੇ ਤੌਰ ਤੇ ਚੁਣਿਆ ਗਿਆ ਜੋ ਭਰੋਸੇਯੋਗ, ਈਮਾਨਦਾਰ, ਸੁਹਿਰਦ ਅਤੇ ਸੇਵਾ ਭਾਵਨਾ ਰਖਦੇ ਸਨ ਅਤੇ ਸਿੱਖ ਫ਼ਲਸਫ਼ੇ ਵਿਚ ਪ੍ਰਵੀਣ ਸਨ। ਉਹਨਾਂ ਨੂੰ ਵਿਸ਼ੇਸ਼ ਅਧਿਕਾਰ ਨਹੀਂ ਦਿਤਾ ਗਿਆ ਅਤੇ ਨਾ ਹੀ ਉਹ ਸਿੱਖਾਂ ਪਾਸੋਂ ਕੋਈ ਵਿਸ਼ੇਸ ਇਜ਼ਤ ਮਾਣ ਦੀ ਉਮੀਦ ਕਰ ਸਕਦੇ ਸਨ। ਮਸੰਦ ਪ੍ਰਣਾਲੀ ਦੀ ਸਥਾਪਨਾ ਕਰਕੇ ਚੌਥੇ ਨਾਨਕ ਨੇ ਅੰਮ੍ਰਿਤਸਰ ਨੂੰ ਅਧਿਆਤਮਿਕ ਕੇਂਦਰ ਅਤੇ ਸਿੱਖ ਭਾਈਚਾਰੇ ਦਾ ਪ੍ਰਮੁੱਖ ਸਥਾਨ ਬਣਾ ਦਿਤਾ। ਇਸ ਮਸੰਦ ਪ੍ਰਣਾਲੀ ਦਾ ਕੰਮ ਨੌਵੇਂ ਨਾਨਕ ਗੁਰੂ ਤੇਗ਼ ਬਹਾਦਰ ਜੀ ਤੱਕ ਸਹੀ ਸਲਾਮਤ ਚਲਦਾ ਰਿਹਾ।

*******************

# ੩੩. ਸਿੱਖ ਆਨੰਦ ਕਾਰਜ - ਲਾਵਾਂ

ਚੌਥੇ ਨਾਨਕ ਨੇ ਕੁੱਲ ੩੦ ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ ਜਿਹਨਾਂ ਵਿਚ ੧੯ ਉਹ ਰਾਗ ਸਨ ਜਿਹਨਾਂ ਵਿਚ ਗੁਰੂ ਨਾਨਕ ਜੀ ਨੇ ਪਹਿਲਾਂ ਹੀ ਬਾਣੀ ਰਚੀ ਸੀ। ਰਾਗ ਸੂਹੀ ਵਿਚ, ਗੁਰੂ ਰਾਮਦਾਸ ਜੀ ਨੇ ਚਾਰ ਲਾਵਾਂ ਦੀ ਰਚਨਾ ਕੀਤੀ ਜਿਹਨਾਂ ਵਿਚ ਪ੍ਰਮਾਤਮਾ ਨਾਲ ਅਧਿਆਤਮਿਕ "ਆਨੰਦ ਕਾਰਜ" ਲਈ ਚਾਰ ਦੇ ਸ਼ਬਦ ਉਚਾਰੇ।

ਆਪ ਜੀ ਨੇ ਜਿਹੜੇ ਚਾਰ ਸ਼ਬਦ ਉਚਾਰੇ, ਅੱਜ ਕਲ੍ਹ ਸਿੱਖ ਆਨੰਦ ਕਾਰਜ ਦੀ ਮਰਯਾਦਾ ਲਈ ਵਰਤੇ ਜਾਂਦੇ ਹਨ। ਉਹਨਾਂ ਨੂੰ "ਲਾਵਾਂ" ਕਿਹਾ ਜਾਂਦਾ ਹੈ ਅਤੇ ਇਹ ਅਲੰਕਾਰਕ ਰੂਪ ਵਿੱਚ ਲਾੜੀ (ਆਤਮਾ) ਦੀ ਆਪਣੇ ਪ੍ਰੇਮੀ ਪਤੀ (ਪ੍ਰਮਾਤਮਾ) ਨੂੰ ਮਿਲਣ ਦੀ ਯਾਤਰਾ ਬਿਆਨ ਕਰਦਾ ਹੈ। ਇਹ ਅਲੰਕਾਰ ਇਹ ਸੰਦੇਸ਼ ਦਿੰਦਾ ਹੈ ਕਿ ਮਨੁੱਖ ਦਾ ਪ੍ਰਮਾਤਮਾ ਦੇ ਨਿਕਟ ਆਉਣਾ ਮਨੁੱਖੀ ਹੋਂਦ ਦਾ ਮੂਲ ਉਦੇਸ਼ ਹੈ। "ਲਾਵਾਂ" ਦੇ ਇਹ ਚਾਰ ਸ਼ਬਦ ਗੁਰੂ ਗਰੰਥ ਸਾਹਿਬ ਜੀ ਦੇ ੭੭੪ ਪੰਨਾ ਉੱਪਰ ਹਨ।



"ਲਾਵਾਂ" ਦਾ ਇਹ ਧਾਰਮਿਕ ਕਾਰਜ ਵਿਅੱਕਤੀ ਦੀ ਪ੍ਰਮਾਤਮਾ-ਪ੍ਰਾਪਤੀ ਦੀ ਭਾਲ ਨਾਲ ਆਰੰਭ ਹੁੰਦਾ ਹੈ ਅਤੇ ਇਸ ਆਦਰਸ਼ ਦੀ ਪ੍ਰਾਪਤੀ ਨਾਲ ਸਮਾਪਤ ਹੁੰਦਾ ਹੈ। ਮਨੁੱਖੀ ਆਤਮਾ ਦੀ ਇਸ ਅਧਿਆਤਮਿਕ ਯਾਤਰਾ ਨੂੰ ਦਰਸਾਉਦੀਆਂ "ਲਾਵਾਂ" ਦੀ ਰਚਨਾ ਗੁਰੂ ਜੀ ਨੇ ਕੀਤੀ। ਬਾਅਦ ਵਿਚ, ਇਹਨਾ "ਲਾਵਾਂ" ਦੀ ਵਰਤੋਂ ਗੁਰਦੁਆਰੇ ਵਿਚ ਸਿੱਖ ਮਰਯਾਦਾ ਅਨੁਸਾਰ ਵਿਆਹ ਕਰਨ ਲਈ ਵਰਤੋਂ ਵਿਚ ਲਿਆਂਦੀ ਗਈ। ਇਸ ਕਾਰਜ ਦੇ ਦੌਰਾਨ, ਵਿਆਹ ਕਰਵਾਉਣ ਵਾਲਾ ਜੋੜਾ ਗੁਰੂ ਗਰੰਥ ਸਾਹਿਬ ਦੇ ਇਰਦ ਗਿਰਦ ਚਾਰ ਵਾਰੀ ਘੁੰਮਦਾ ਹੈ ਜਦ ਕਿ ਗਰੰਥੀ ਸਿੰਘ "ਲਾਵਾਂ' ਦੇ ਹਰੇਕ ਸ਼ਬਦ ਦਾ ਗਾਇਨ ਕਰਦੇ ਹਨ।

ਪਹਿਲੇ ਸਮਿਆਂ ਵੇਲੇ, ਗੁਰੂ ਨਾਨਕ ਜੀ ਨੇ ਬ੍ਰਾਹਮਣਾਂ ਦੇ ਹਿੰਦੂ ਰਸਮਾਂ ਨਾਲ ਭਾਰਤੀ ਲੋਕਾਂ ਨੂੰ ਸ਼ੋਸ਼ਣ ਕਰਨ ਤੋਂ ਆਜ਼ਾਦ ਕੀਤਾ। ਇਹਨਾਂ ਰਸਮਾਂ ਦਾ ਸਬੰਧ ਜਨਮ ਅਤੇ ਜਨੇਊ ਪਹਿਨਣ ਬਾਰੇ ਹੁੰਦਾ ਸੀ। ("ਜਨੇਊ" ਇਕ ਪਵਿੱਤਰ ਧਾਗਾ ਮੰਨਿਆ ਜਾਂਦਾ ਸੀ ਜੋ 'ਉਚ-ਜਾਤੀ' ਦੇ ਆਦਮੀ ਪਹਿਨਿਆ ਕਰਦੇ

ਸਨ)। ਇਸਤੋਂ ਬਾਅਦ, ਤੀਜੇ ਨਾਨਕ ਗੁਰੂ ਅਮਰਦਾਸ ਜੀ ਨੇ ਲੋਕਾਂ ਨੂੰ ਮਰਨ ਸਮੇਂ ਲਈ 'ਸੱਦ' ਦਾ ਉਚਾਰਣ ਕਰਕੇ ਹਿੰਦੂ ਰਸਮਾਂ ਰਿਵਾਜਾਂ ਤੋਂ ਆਜ਼ਾਦ ਕੀਤਾ ਤਾਕਿ ਉਹ ਇਸ ਮੌਕੇ ਤੇ ਇਹਨਾ ਹਦਾਇਤਾਂ ਦਾ ਪਾਲਣ ਕਰ ਸਕਣ। ਚੌਥੇ ਨਾਨਕ ਗੁਰੂ ਰਾਮਦਾਸ ਜੀ ਨੇ ਹੁਣ "ਲਾਵਾਂ" ਦਾ ਉਚਾਰਣ ਕਰਕੇ ਭਾਰਤੀ ਲੋਕਾਂ ਨੂੰ ਹਿੰਦੂ ਅਤੇ ਮੁਸਲਿਮ ਰਸਮਾਂ ਤੋਂ ਆਜ਼ਾਦ ਕਰਵਾਇਆ। ਇਸ ਮਰਯਾਦਾ ਦੇ ਆਉਣ ਨਾਲ ਬ੍ਰਾਹਮਣਾਂ ਵਲੋਂ ਭਾਰਤੀ ਲੋਕਾ ਦਾ ਸ਼ੋਸ਼ਣ ਹੋਣਾ ਹੋਰ ਘੱਟ ਗਿਆ।

******************

# ੩੪. ਅਗਲੇ ਗੁਰੂ ਦੀ ਚੋਣ ਕਰਨਾ

ਗੁਰੂ ਨਾਨਕ ਜੀ, ਗੁਰੂ ਅੰਗਦ ਜੀ (ਦੂਜੇ ਨਾਨਕ) ਅਤੇ ਗੁਰੂ ਅਮਰਦਾਸ ਜੀ (ਤੀਜੇ ਨਾਨਕ) ਨੇ ਆਪਣੇ ਪੁੱਤਰਾਂ ਨੂੰ ਅਗਲੇ ਗੁਰੂ ਬਨਾਉਣ ਲਈ ਨਹੀਂ ਸੀ ਚੁਣਿਆ।ਚੌਥੇ ਨਾਨਕ, ਗੁਰੂ ਰਾਮਦਾਸ ਜੀ ਪਹਿਲੇ ਗੁਰੂ ਸਨ ਜਿਹਨਾਂ ਨੇ ਆਪਣੇ ਸਪੁੱਤਰ ਅਰਜਨ ਜੀ ਨੂੰ ਅਗਲਾ ਗੁਰੂ ਨਿਯੁੱਕਤ ਕਰਨ ਲਈ ਚੁਣਿਆ।

ਗੁਰੂ ਰਾਮਦਾਸ ਜੀ ਦੇ ਤਿੰਨੋ ਸਪੁੱਤਰ ਜਨਮ ਤੋਂ ਹੀ ਸਿੱਖੀ ਮਾਹੌਲ ਵਿਚ ਵੱਡੇ ਹੋਏ ਸਨ। ਅੰਮ੍ਰਿਤਸਰ ਵਿਚ ਨਵੇਂ ਸਿੱਖ ਕੇਂਦਰ ਦੀ ਉਸਾਰੀ ਸਮੇਂ ਆਪ ਜੀ ਦੇ ਸਪੁੱਤਰ ਪੁਰੀ ਤਰ੍ਹਾਂ ਆਪਣੇ ਪਿਤਾ ਜੀ ਨਾਲ ਇਸ ਕਾਰਜ ਵਿਚ ਲੱਗੇ ਰਹੇ। ਸਭ ਤੋਂ ਵੱਡੇ ਪਿਰਥੀ ਚੰਦ ਇਸ ਸਿੱਖ ਕੇਂਦਰ ਦੀ ਇਮਾਰਤ ਦੀ ਉਸਾਰੀ ਅਤੇ ਪ੍ਰਬੰਧ ਵਿਚ ਪੂਰੀ ਤਰ੍ਹਾਂ ਰੁਚਿੱਤ ਰਹੇ ਅਤੇ ਸੰਗਤਾਂ ਦੀ ਸੇਵਾ ਵੀ ਕਰਦੇ ਰਹੇ। ਪਰ ਉਹਨਾਂ ਅੰਦਰ ਸਿੱਖੀ ਦੇ ਅਧਿਆਤਮਿਕ ਪੱਖਾਂ ਦੀ ਘਾਟ ਸੀ। ਮਝਲਾ ਸਪੁੱਤਰ, ਮਹਾਂਦੇਵ, ਬੈਰਾਗੀ ਹੋ ਗਿਆ ਸੀ।

ਗੁਰੂ ਰਾਮਦਾਸ ਜੀ ਦਾ ਸਿਰਫ਼ ਛੋਟਾ ਸਪੁੱਤਰ ਅਰਜਨ ਹੀ ਰੂਹਾਨੀ ਅਤੇ ਦੁਨਿਆਵੀ, ਦੋਨਾਂ ਪੱਖਾਂ ਵਿਚ ਨਿਪੁੰਨ ਸਨ। ਉਹ ਹਮੇਸ਼ਾ ਹੀ ਸੰਗਤਾਂ ਦੀ ਸੇਵਾ ਵਿਚ ਰਹਿੰਦੇ, ਹਰ ਵੇਲੇ ਪ੍ਰਮਾਤਮਾ ਦਾ ਨਾਮ ਜਾਪ ਕਰਦੇ, ਬਾਣੀ ਪੜ੍ਹਦੇ, ਰਾਗ ਵਿਦਿਆ ਸਿਖਦੇ ਅਤੇ ਸਾਕ-ਸਬੰਧੀਆਂ ਨੂੰ ਮਿਲਦੇ ਅਤੇ ਸ਼ਾਦੀ ਵਿਆਹਾਂ ਆਦਿਕ ਤੇ ਵੀ ਹਾਜਰ ਹੁੰਦੇ। ਆਪ ਜੀ ਦੀ ਸ਼ਖ਼ਸੀਅਤ ਮਹਾਨ ਬਣ ਕੇ ਨਿਖਰੀ ਅਤੇ ਉਹ ਸਿੱਖੀ ਦੇ ਹਰ ਪਹਿਲੂ ਬਾਰੇ ਗਹਿਰੀ ਸਮਝ ਰਖਦੇ ਸਨ। ਆਪ ਜੀ ਦੇ ਅੰਦਰ ਉਚ-ਨੈਤਿਕਤਾ ਦੇ ਭਰਪੂਰ ਗੁਣ ਸਨ ਜਿਹਨਾ ਸਦਕਾ ਉਹ ਸਿੱਖ ਭਾਈਚਾਰੇ ਦੀ ਅਗਵਾਈ ਕਰ ਸਕਦੇ ਸਨ।



ਹਰ ਕਿਸੇ ਨੂੰ ਇਹ ਸਪਸ਼ਟ ਹੋ ਗਿਆ ਸੀ ਕਿ ਅਗਲੇ ਗੁਰੂ ਬਨਣ ਲਈ ਅਰਜਨ ਜੀ ਹੀ ਸਹੀ ਸਨ। ਇਸ ਮਾਣ ਨੂੰ ਹਾਸਲ ਕਰਨ ਲਈ ਪਿਰਥੀ ਚੰਦ ਨੇ ਗੁਰੂ ਜੀ ਦੇ ਸਭ ਤੋਂ ਵੱਡੇ ਸਪੁੱਤਰ ਹੋਣ ਕਾਰਨ ਪੂਰਾ ਜੋਰ ਲਗਾਇਆ। ਗੁਰੂ ਰਾਮਦਾਸ ਜੀ ਭਲੀਭਾਂਤ ਜਾਣਦੇ ਸਨ ਕਿ ਉਹਨਾਂ ਦਾ ਸਭ ਤੋਂ ਛੋਟਾ ਸਪੁੱਤਰ ਹੀ ਇਸ ਜ਼ਿੰਮੇਦਾਰੀ ਵਾਸਤੇ ਪੂਰਣ ਰੂਪ ਵਿਚ ਉਚਿੱਤ ਸੀ। ਆਪ ਜੀ ਨੇ ਅਰਜਨ ਜੀ ਨੂੰ ਹੀ ਅਗਲੇ ਗੁਰੂ ਪੰਜਵੇਂ ਨਾਨਕ ਵਜੋਂ  ਚੁਣਿਆ। ਗੁਰੂ ਅਰਜਨ ਜੀ ਉਸ ਵੇਲੇ ੧੮ ਸਾਲ ਦੇ ਸਨ ਜਦ ਉਹ ਗੁਰੂ ਬਣੇ।

******************

# ੩੫. ਜੋਤੀ ਜੋਤ ਸਮਾਉਣਾ

**੧੫੮੧** *(ਆਯੂ ੪੭ ਸਾਲ)*: ਚੌਥੇ ਨਾਨਕ, ਗੁਰੂ ਰਾਮਦਾਸ ਜੀ ਨੇ ਸਿਰਫ਼ ਸੱਤ ਸਾਲ ਲਈ ਹੀ ਗੁਰੂ ਰਹੇ। ਆਪ ਜੀ ਬਹੁਤਾ ਜੀਵਨ ਪੰਥ ਦੀ ਸੇਵਾ ਵਿਚ ਪੂਰੀ ਸੁਹਿਰਦਤਾ ਨਾਲ ਲਗੇ ਰਗੇ ਜੋ ਕਿ ਗੁਰੂ ਬਣਨ ਤੋਂ ਪਹਿਲਾ ਹੀ ਸ਼ੁਰੂ ਹੋ ਗਿਆ ਸੀ। ਆਪ ਜੀ ੧੨ ਸਾਲ ਦੀ ਉਮਰ ਤੋਂ ਲੈ ਕੇ ੩੫ ਸਾਲ ਲਈ ਪੰਥ ਦੀ ਸੇਵਾ ਪ੍ਰਤੀ ਸਮਰਪੱਤ ਰਹੇ।

ਗੁਰੂ ਰਾਮਦਾਸ ਜੀ ਨੇ ਗੁਰਗੱਦੀ ਦੀ ਜ਼ਿੰਮੇਵਾਰੀ ਲਈ ਆਪਣੇ ਸਪੁੱਤਰ ਗੁਰੂ ਅਰਜਨ ਦੇਵ ਜੀ ਨੂੰ ੨੮ ਅਗਸਤ, ੧੫੮੧ ਨੂੰ ਨਿਯੁਕਤ ਕੀਤਾ। ਪਿਰਥੀ ਚੰਦ ਨੇ ਕਿਉਂਕਿ ਇਸਦਾ ਵਿਰੋਧ ਕੀਤਾ ਸੀ ਅਤੇ ਆਪਣੇ ਪਿਤਾ ਜੀ ਨਾਲ ਤਲਖੀ ਭਰਿਆ ਵਾਦ-ਵਿਵਾਦ ਕਰਦਾ ਸੀ, ਗੁਰੂ ਰਾਮਦਾਸ ਜੀ ਨੇ ਪਰਵਾਰ ਸਮੇਤ ਗੋਇੰਦਵਾਲ ਜਾਣ ਦਾ ਫ਼ੈਸਲਾ ਕਰ ਲਿਆ। ਆਪ ਜੀ ਦਾ ਵੱਡਾ ਪੁੱਤਰ ਪਿਰਥੀ ਚੰਦ ਪਿੱਛੇ ਅੰਮ੍ਰਿਤਸਰ ਵਿਚ ਹੀ ਰਹਿੰਦਾ ਰਿਹਾ।

ਚੌਥੇ ਨਾਨਕ, ਗੁਰੂ ਰਾਮਦਾਸ ਜੀ ੧ ਸਤੰਬਰ, ੧੫੮੩ ਨੂੰ ਜੌਤੀ ਜੋਤ ਸਮਾ ਗਏ।

*******************

# ੩੬. ਚੌਥੇ ਨਾਨਕ ਜੀ ਦੀਆਂ ਵਿਸ਼ੇਸ਼ਤਾਈਆਂ

**੧੫੩੪ – ੧੫੮੧**

| | |
|---|---|
| ਜਨਮ: | ਸਤੰਬਰ ੨੪, ੧੫੩੪. |
| ਜਨਮ ਸਥਾਨ: | ਚੂਨਾ ਮੰਡੀ, ਲਾਹੌਰ (ਹੁਣ ਪਾਕਿਸਤਾਨ ਵਿਚ) |
| ਮਾਪੇ: | ਪਿਤਾ ਜੀ – ਬਾਬਾ ਹਰੀ ਦਾਸ ਸੋਢੀ<br>ਮਾਤਾ ਜੀ – ਮਾਤਾ ਦਇਆ ਕੌਰ (ਅਨੂਪ ਕੌਰ) |
| ਸੁਪਤਨੀ: | ਬੀਬੀ ਭਾਨੀ ਜੀ (ਗੁਰੂ ਅਮਰਦਾਸ ਜੀ ਦੀ ਸਪੁੱਤਰੀ) |
| ਬੱਚੇ: | ਤਿੰਨ ਸਪੁੱਤਰ:<br>ਪਿਰਥੀ ਚੰਦ, ਮਹਾਂਦੇਵ, ਅਰਜਨ (ਜੋ ਬਾਦ ਵਿਚ ਗੁਰੂ ਅਰਜਨ ਜੀ ਬਣੇ) |
| ਗੁਰਗੱਦੀ: | ਸਤੰਬਰ ੧, ੧੫੭੪ (ਆਯੂ ੪੦ ਸਾਲ) |
| ਜੋਤੀ ਜੋਤ: | ਸਤੰਬਰ ੧, ੧੫੮੧ (ਆਯੂ ੪੭ ਸਾਲ) |
| ਯੋਗਦਾਨ | • ਆਪ ਜੀ ਨੇ ਕੁਲ ੩੦ ਰਾਗਾਂ ਵਿਚ ਸ਼ਬਦ ਰਚਨਾ ਕੀਤੀ ਜਿਹਨਾ ਵਿਚ ੧੯ ਰਾਗ ਉਹ ਹਨ ਜਿਹਨਾਂ ਵਿਚ ਗੁਰੂ ਨਾਨਕ ਜੀ ਨੇ ਸ਼ਬਦ ਉਚਾਰੇ।<br>• ਆਪ ਜੀ ਦੀਆਂ ਰਚਨਾਵਾਂ ਵਿਚ ੨੪੬ ਸ਼ਬਦ, ੧੩੮ ਸਲੋਕ, ੩੧ ਅਸਟਪਦੀਆਂ, ੮ ਵਾਰਾਂ (੧੮੩ ਪਉੜੀਆਂ), ੨੮ ਛੰਤ ਅਤੇ ੮ ਸ਼ਬਦ ਵਿਸ਼ੇਸ਼ ਸਿਰਲੇਖਾਂ ਨਾਲ।<br>• ਲਾਵਾਂ ਦੇ ਉਚਾਰਣ ਨਾਲ ਸਿੱਖ ਪੰਥ ਨੂੰ ਸ਼ਕਤੀਸ਼ਾਲੀ ਬਣਾਇਆ। ਇਹ ਲਾਵਾਂ ਅੱਜ ਕਲ ਸਿੱਖ ਜਗਤ ਵਿਚ ਵਿਆਹ ਵੇਲੇ ਪੜ੍ਹੀਆਂ/ਗਾਈਆਂ ਜਾਂਦੀਆ ਹਨ। ਆਪ ਜੀ ਨੇ ਮਸੰਦ ਪ੍ਰਣਾਲੀ ਨੂੰ ਵਰਤੋਂ ਵਿਚ ਲਿਆਂਦਾ।<br>• ਆਪਣੇ ਪੂਰਵਜਾਂ ਦੀ ਤਰ੍ਹਾਂ, ਆਪ ਜੀ ਨੇ ‘ਗੁਰੂ ਦਾ ਲੰਗਰ’ ਦੀ ਪ੍ਰਥਾ ਨੂੰ ਚਾਲੂ ਰਖਿਆ ਅਤੇ ਵਿਗਸਿਤ ਕੀਤਾ।<br>• ਆਪ ਜੀ ਨੇ ਵਹਿਮਾਂ ਭਰਮਾਂ ਦਾ, ਜਾਤ ਪਾਤ ਪ੍ਰਣਾਲੀ ਦਾ ਅਤੇ ਤੀਰਥ ਯਾਤਰਾਵਾਂ ਦਾ ਬਹੁਤ ਸਖ਼ਤੀ ਨਾਲ ਖੰਡਨ ਕੀਤਾ। |

# ੩੭. ਸੰਸਾਰ ਦੀਆਂ ਵਿਸ਼ੇਸ਼ ਘਟਨਾਵਾਂ

## ਦੂਜੇ, ਤੀਜੇ ਅਤੇ ਚੌਥੇ ਨਾਨਕ ਜੀ ਦੇ ਸਮੇਂ ਦੌਰਾਨ ਦੀਆਂ

| | |
|---|---|
| ੧੫੦੧ | ਸੰਸਾਰ ਦੀ ਜਨ-ਸੰਖਿਆ ਲਗ ਭਗ ੪੩.੫ ਕਰੋੜ ਸੀ ਜੋ ਅੱਜ ਦੀ ਜਨ-ਸੰਖਿਆ ੭.੮ ਬਿਲਿਅਨ ਦਾ ਅਠ੍ਹਾਰਵਾਂ ਭਾਗ ਹੈ। (ਮਾਰਚ, ੨੦੨੦). |
| ੧੫੦੨ | ਕ੍ਰਿਸਟੋਫ਼ਰ ਕੋਲੰਬਸ ਕੈਰੀਬੀਅਨ ਵੱਲ ਆਪਣੀ ਚੌਥੀ ਅਤੇ ਆਖਰੀ ਯਾਤਰਾ ਸ਼ੁਰੂ ਕਰਦਾ ਹੈ। ਉਸਦਾ ਹਾਲੇ ਵੀ ਵਿਸ਼ਵਾਸ਼ ਸੀ ਕਿ ਉਸਦਾ ਲਭਿਆ ਟਾਪੂ ਭਾਰਤ ਦੇ ਨੇੜੇ ਹੈ। |
| ੧੫੦੬ | ਧਾਰਮਿਕ ਭਾਵਨਾ ਨਾਲ ਭਾਵੁਕ ਹੋਏ ਈਸਾਈ ਅਪ੍ਰੈਲ ੧੯ ਨੂੰ ਲਿਜ਼ਬਨ ਦੇ ਸ਼ਹਿਰ ਵਿਚ ੪੦੦੦ ਪੁਰਤਗਾਲੀ ਯਹੂਦੀਆਂ ਦਾ ਕਤਲੇਆਮ ਕੀਤਾ।<br>੨੦ ਮਈ ਨੂੰ ਸਪੇਨ ਵਿਚ ਕੋਲੰਬਸ ਮਰ ਗਿਆ। |
| ੧੫੧੦ | ਤੋਪਾਂ ਨਾਲ ਬਹੁਤ ਭਾਰੀ ਤੌਰ ਤੇ ਲੈਸ ਹੋਏ ਪੁਰਤਗਾਲੀ ਜਹਾਜ਼ ਭਾਰਤੀ ਸਮੁੰਦਰ ਤੇ ਹਾਵੀ ਬਣਦੇ ਹਨ। ਇਹਨਾਂ ਦਿਨਾਂ ਵਿਚ ਭਾਰਤ ਦੀ ਜਨ-ਸੰਖਿਆ ਲਗ ਭਗ ੧੦.੫ ਕਰੋੜ ਹੈ ਜੋ ਅੱਜ ਦੇ ਭਾਰਤ ਅਤੇ ਪਾਕਿਸਤਾਨ ਦੇ ਲੋਕਾਂ ਦਾ ੧੫ਵਾਂ ਭਾਗ ਹੈ ਅਤੇ ੧.੬ ਬਿਲਿਅਨ ਬਣਦੀ ਹੈ। |
| ੧੫੨੧ | ਚਾਰਲਸ ੫, ਧਾਰਮਿਕ ਰੋਮਨ ਬਾਦਸ਼ਾਹ ਵਜੋਂ ਚੁਣਿਆ ਗਿਆ। ਪੋਪ ਲ਼ੀਯੋ ਮਾਰਟਿਨ ਲੂਥਰ ਦੇ ਵਿਰੁੱਧ ਚਾਰਲਸ ਨਾਲ ਮਿਲ ਗਿਆ। |
| ੧੫੨੬ | ਸ਼ਟੋਕਹੋਮ, ਸਵੀਡਨ ਵਿਚ ਛਾਪਾਖਾਨਾ ਮਸ਼ੀਨ ਦੀ ਸ਼ੁਰੂਆਤ ਹੁਈ |
| ੧੫੨੬ | ਕਾਬਲ ਤੋਂ ਮੁਸਲਿਮ ਕਬੀਲੇ ਦਾ ਇਕ ਆਗੂ, ਬਾਬਰ, ਖੈਬਰ ਦਰ੍ਰੇ ਦੇ ਰਾਹੀਂ ਲੁੱਟ ਮਾਰ ਕਰਨ ਲਈ ਸਿੰਧ ਘਾਟੀ ਤੇ ਲਗਾਤਾਰ ਹਮਲੇ ਕਰ ਰਿਹਾ ਸੀ। ਪਾਨੀਪਤ ਦੇ ਮੈਦਾਨ ਤੇ ਉਸਨੇ ਇਬਰਾਹਿਮ ਲੋਧੀ ਨੂੰ ਹਰਾਇਆ ਜਿਸਨੇ ੧੪੮੯ ਤੋਂ ਭਾਰਤ ਦੇ ਬਹੁਤ ਸਾਰੇ ਹਿੱਸੇ ਤੇ ਕਈ ਸਾਲ ਰਾਜ ਕੀਤਾ ਹੈ। |
| ੧੫੩੫ | ਹੈਨਰੀ ੮ ਕੈਥੋਲਿਕ ਧਰਮ ਤੋਂ ਵੱਖ ਹੋ ਜਾਂਦਾ ਹੈ ਅਤੇ ਆਪਣੇ ਆਪ ਨੂੰ ਇੰਗਲੈਂਡ ਦੇ ਗਿਰਜੇ ਦਾ ਮੁਖੀ ਘੋਸ਼ਤ ਕਰ ਦਿੰਦਾ ਹੈ। . |
| ੧੫੪੩ | ਨਿਕਲਸ ਕੌਪਰਨਿਕਸ ਮਰ ਗਿਆ। ਉਸਨੇ ਆਪਣੀ ਪੁਸਤਕ ੋਨ ਠਹਣ ੍ਰਵੋਲੁਟੋਨਿੋਡ ੍ਰਓਵਿਏਲੇ ਭੋਦਇਸ' ਦਾ ਛਾਪਣ ਕਰਕੇ ਚਰਚ ਸਿਧਾਂਤਾ ਦੀ ਉਲੰਘਣਾ ਕੀਤੀ ਸੀ। ਇਸ ਪੁਸਤਕ ਵਿਚ ਉਸਨੇ ਆਪਣੀ ਥਿਊਰੀ ਬਾਰੇ ਦਸਿਆ ਸੀ ਕਿ ਧਰਤੀ ਅਤੇ ਹੋਰ ਸਾਰੇ ਗ੍ਰਹਿ ਸੂਰਜ ਦੁਆਲੇ ਘੁੰਮਦੇ ਸਨ, ਨਾ ਕਿ ਧਰਤੀ ਦੁਆਲੇ ਸੂਰਜ ਘੁੰਮਦਾ ਸੀ। |
| ੧੫੪੩ | ਮਾਈਕਲ ਐਂਜਲੋ ਨੇ ਰੋਮ ਵਿਚ ਵੈਟਿਕਨ ਦੇ ਸਿਸਟੀਨ ਗਿਰਜੇ ਕੁਰਬਾਨਗਾਹ ਸ਼ਸਿਟਨਿਏ ਛਹਓਪਏਲ ਦੀ ਦੀਵਾਰ ਪੇਂਟ ਕਰਦਾ ਹੈ। |

| | |
|---|---|
| ੧੫੫੧ | ਰਾਬਰਟ ਸਟੀਫੈਨਸ ਵਜੋਂ ਜਾਣਿਆ ਜਾਂਦਾ ਰਾਬਰਟ ਐਟੀਅਨ ਜਨੇਵਾ ਵਿਚ ਪਹਿਲਾ ਵਿਅੱਕਤੀ ਹੈ ਜਿਸਨੇ ਬਾਈਬਲ ਨੂੰ ਸਲੋਕਾਂ ਦੇ ਸਤਰੀ ਅੰਕਿਤ ਵਿਚ ਵੰਡਵੇਂ ਕੀਤੇ ਰੂਪ ਨੂੰ ਪਹਿਲੀ ਵਾਰ ਛਾਪਿਆ। |
| ੧੫੫੮ | ਕਵੀਨ ਮੈਰੀ ਦਾ ਦੇਹਾਂਤ ਹੋ ਜਾਂਦਾ ਹੈ ਅਤੇ ਉਸਦੀ ਬਣੀ ਭੈਣ, ਅਲਿਜ਼ਬੈੱਥ ਉਸਦੀ ਵਾਰਸ ਬਣਦੀ ਹੈ ਜੋ ਹੈਨਰੀ ੮ ਅਤੇ ਐਨ ਬੋਲੇਏਨ ਉਸਦੀ ਦੂਜੀ ਪਤਨੀ ਦੀ ਬੇਟੀ ਹੈ। ਅਲਿਜ਼ਬੈੱਥ ਐਨਗਲੀਗਨ ਪਰੋਟੈਸਟਟੈਸਿਮ ਦੀ ਇੰਗਲੈਂਡ ਦੇ ਰਾਜ ਧਰਮ ਵਜੋਂ ਮੁੜ ਸਥਾਪਨਾ ਕਰਦੀ ਹੈ। |
| ੧੫੬੮ | ਚੀਨ ਦੀ ਆਬਾਦੀ ੬.੦ ਕਰੋੜ ਤੱਕ ਪਹੁੰਚ ਜਾਂਦੀ ਹੈ। ਅਗਸਤ ੨੦੨੧ ਦੇ ਅਨੁਸਾਰ ਇਹ ਆਬਾਦੀ ੧.੪ ਬਿਲਿਅਨ ਹੈ।<br>ਅਕਬਰ ਭਾਰਤ ਵਿਚ ਆਪਣੇ ਰਾਜ ਭਾਗ ਨੂੰ ਫੈਲਾਂਦਾ ਹੈ। ਉਸਨੇ ਚਿਤੌੜ ਦੀ ਜਿੱਤ ਤੋਂ ਬਾਅਦ ੩੦,੦੦੦ ਤੋਂ ਵਧੇਰੇ ਹਿੰਦੂ ਕਿਸਾਨਾਂ ਦਾ ਕਤਲੇਆਮ ਕੀਤਾ। |
| ੧੫੭੯ | ਬ੍ਰਿਟੇਨ ਦਾ ਨਾਵਿਕ ਸਰ ਫ੍ਰਾਂਸਿਸ ਡ੍ਰੇਕ ਦੁਨਿਆਂ ਦਾ ਚਕਰ ਲਗਾਦਾ ਹੋਇਆ ਮਲੂਕੂ ਤੋਂ ਹੋਂਦਾ ਹੋਇਆ ਟਰਨੇਟ ਤਕ ਪਹੁੰਚ ਜਾਂਦਾ ਹੈ। |
| ੧੬੦੦ | ਐਲੀਜਾਬੈਥ ੧ ਬ੍ਰਿਟਸ਼ਿ ਈਸਟ ਇੰਡਿਆ ਕੰਪਨੀ ਨੂੰ ਇਜਾਜਤ ਦੇਂਦੀ ਹੈ ਅੰਗਰੇਜ ਏਸ਼ਿਆ ਵਿੱਚ ਫੈਲਨਾਂ ਸ਼ੁਰੂ ਕਰਦੇ ਹਨ। |

# ਹਵਾਲੇ


੧. *ਸ਼ਕਿਹ ਠਓਵਓਰਏਇਕਹ (ਫਓਰਟ ੌਨਏ, ੧੪੬੯-੧੭੦੮)*, ਡਾ. ਹਰਜਿੰਦਰ ਸਿੰਘ ਦਿਲਗੀਰ, ਪ੍ਰਕਾਸ਼ਕ - ਸਿੰਘ ਬ੍ਰਦਰਸ, ਅੰਮ੍ਰਿਤਸਰ।

੨. *ਗੁਰ ਇਤਿਹਾਸ (ਪਾਤਸ਼ਾਹੀ ੨-੯)*, ਪ੍ਰੋ. ਸ਼ਾਹਿਬ ਸਿੰਘ, ਸਿੰਘ ਬ੍ਰਦਰਸ, ਅੰਮ੍ਰਿਤਸਰ

੩. *ਅਬੋਟ ਛੋਮਪਲਿਓਟੋਨਿ ੇਡ ਸ਼ਰਿ ਘੁਰੁ ਘਰਓਨਟਹ ਸ਼ਓਹਬਿ*, ਪ੍ਰੋ. ਸ਼ਾਹਿਬ ਸਿੰਘ, ਲੋਕ ਸਾਹਿਤ ਪ੍ਰਕਾਸ਼ਨ, ਅੰਮਿਤਸਰ।

੪. *ਫਰੋਪਹਏਟ ੇਡ ਧਏਵੋਟੋਨਿ - ਘੁਰੁ ਅਨਗਓਦ ਧਏਵ*, ਜਸਵੰਤ ਸਿੰਘ ਨੇਕੀ, ਸਿੰਘ ਬ੍ਰਦਰਸ, ਅੰਮ੍ਰਿਤਸਰ

੫. *ਕੁਦਰਤੀ ਨੂਰ, ਜੀਵਨੀ ਸ੍ਰੀ ਗੁਰੂ ਅੰਗਦ ਦੇਵ ਜੀ, ਸਤਬੀਰ ਸਿੰਘ, ਨਯੂ ਬੁਕ ਕੰਪਨੀ, ਜਲੰਧਰ*

੬. *ਭਏਦ ਠਮਿਏ ਸ਼ਟੋਰਇਸ ੬,* ਸੰਤੋਖ ਸਿੰਘ ਜਗਦੇਵ, ਸਿੱਖ ਮਿਸ਼ਨਰੀ ਰੀਸੋਰਸ ਸੈਂਟਰ, ਇੰਗਲੈਂਡ।

੭. *ਸ਼ਟੋਰਇਸ ਡਰੋਮ ਸ਼ਕਿਹ ਸਿਟੋਰੇ ੩*, ਕਰਤਾਰ ਸਿੰਘ ਆਦਿ, ਹੇਮਕੁੰਟ ਪ੍ਰੈਸ, ਨਵੀਂ ਦਿਲੀ।

੮. ਸ਼ੌ. ਗੂ. ਪ੍ਰ. ਕ., ਾਏਬਸਟਿਏ, ਹਟਟਪ://ਸਗਪਚ.ਨਏਟ/ਟਏਨ-ਗੁਰੁ-ਸਓਹਬਿਸ/ਗੁਰੁ-ਠਏਗ-ਭਓਹਓਦਓਰ-ਸਓਹਬਿ/

੯. ਗੂਗਲ ਤੋਂ, ਸੰਸਾਰ ਦੀਆਂ ਵਿਸ਼ੇਸ ਘਟਨਾਵਾਂ

# ਹੇਮਕੁੰਟ ਫ਼ਾਊਂਡੇਸਨ ਦੀਆਂ ਪੁਸਤਕਾਂ:

੧. *ਗੁਰੂ ਨਾਨਕ ਸਾਹਿਬ* (ਅੰਗ੍ਰੇਜ਼ੀ ਅਤੇ ਪੰਜਾਬੀ; ੬-੮ ਸਾਲ ਦੀ ਆਯੂ ਲਈ)

੨. *ਦੂਜੇ ਤੋਂ ਚੌਥੇ ਨਾਨਕ* (ਅੰਗ੍ਰੇਜ਼ੀ ਅਤੇ ਪੰਜਾਬੀ; ੬-੮ ਸਾਲ ਦੀ ਆਯੂ ਲਈ)

*੩.* ਪੰਜਵੇਂ ਨਾਨਕ (ਅੰਗ੍ਰੇਜ਼ੀ ਅਤੇ ਪੰਜਾਬੀ; ੬-੮ ਸਾਲ ਦੀ ਆਯੂ ਲਈ).

*੪. ਛੇਵੇਂ ਤੋਂ ਅਠਵੇਂ ਨਾਨਕ* (ਅੰਗ੍ਰੇਜ਼ੀ ਅਤੇ ਪੰਜਾਬੀ; ੯-੧੧ ਸਾਲ ਦੀ ਆਯੂ ਲਈ)

*੫. ਨੌਵੇਂ ਨਾਨਕ* (ਅੰਗ੍ਰੇਜ਼ੀ ਅਤੇ ਪੰਜਾਬੀ; ੯-੧੧ ਸਾਲ ਦੀ ਆਯੂ ਲਈ)

*੬. ਦਸਵੇਂ ਨਾਨਕ* (ਅੰਗ੍ਰੇਜ਼ੀ ਅਤੇ ਪੰਜਾਬੀ; ੯-੧੧ ਸਾਲ ਦੀ ਆਯੂ ਲਈ)

*੭.* ੧੭੧੮-੧੯੦੧ ਦੇ ਸਿੱਖ (ਅੰਗ੍ਰੇਜ਼ੀ ਅਤੇ ਪੰਜਾਬੀ; ੧੨-੧੪ ਸਾਲ ਦੀ ਆਯੂ ਲਈ)

*੮. ਸ੍ਰੀ ਗੁਰੁ ਗਰੰਥ ਸਾਹਿਬ ਵਿਚ ਭਗਤਾਂ ਦਾ ਸੰਦੇਸ਼* (ਅੰਗ੍ਰੇਜ਼ੀ ਅਤੇ ਪੰਜਾਬੀ; ੧੫-੧੭ ਸਾਲ ਦੀ ਆਯੂ ਲਈ)